1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 102
ਨੰਬਰ 22

੧ ਤੋਂ ੧੬ ਪੋਹ ੨੦੭੯ ਬਿ.
16 to 31 December 2022

# ਸਤਿਜੁਗ




*ਰਬ ਖਾਂਦਾ ਰਾਗ ਨਿਆਮਤਾਂ
ਪਹਿਨੇ ਸਚ ਪੁਸ਼ਾਕ।*

10/-

# ਪਹਿਲੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤੀਯੋਗਤਾ ਦੇ ਦੂਜੇ ਗੇੜ ਦੀਆਂ ਝਲਕੀਆਂ।
## ਨਵੀਂ ਦਿੱਲੀ, 19, 20 ਨਵੰਬਰ 2022



# ਸਤਿਜੁਗ

੧ ਤੋਂ ੧੬ ਪੋਹ ੨੦੭੯ ਬਿ.

16 ਤੋਂ 31 ਦਸੰਬਰ 2022 ਈ.

ਜਿਲਦ 102, ਨੰਬਰ 22



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


## ਤਤਕਰਾ


* ਸੰਪਾਦਕੀ- ਸੰਗੀਤ ਦੇ ਆਸ਼ਕ: ਸਤਿਗੁਰੂ ਜਗਜੀਤ ਸਿੰਘ.........4

* ਗੁਰਬਾਣੀ ਵਿਆਖਿਆ..........................................6

* ਗੁਰਮਤਿ ਅਨੁਸਾਰ ਸਫੈਦ ਬਸਤਰ ਅਤੇ ਸਫੈਦ ਨਿਸ਼ਾਨ ਸਾਹਿਬ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................8

* ਅਸਾਵੀਂ ਜੰਗ: ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ
  ਜਨਾਬ ਬਸ਼ੀਰ ਮੁਹੰਮਦ...............................13

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................16

* **Sangat te sehat layi Sangeet (Music for Sangat and well-being)**
  **Nihal Kaur (Ghaziabad)..................................19**

* **A Saga of Sri Satguru Jagjit Singh ji**
  **Dr. Sharada Jayagovind...........................22**

* ਖ਼ਬਰਨਾਮਾ....................................................24

* **Matrimonial...............................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਸੰਗੀਤ ਦੇ ਆਸ਼ਕ: ਸਤਿਗੁਰੂ ਜਗਜੀਤ ਸਿੰਘ

ਜਨਮਸਾਖੀ ਦਾ ਵਾਕ ਹੈ- "ਮਰਦਾਨਿਆ ਛੇੜ ਰਬਾਬ, ਬਾਣੀ ਆਈ ਹੈ।" ਇਹ ਵਾਕ ਗੁਰੂ ਨਾਨਕ ਚਾਹੇ ਪਹਾੜਾਂ 'ਚ ਹੁੰਦੇ, ਚਾਹੇ ਬਰਫ਼ਾਂ, ਮੈਦਾਨਾਂ, ਠੰਢੇ ਇਲਾਕੇ ਜਾਂ ਅਤਿ ਗਰਮ ਦੇਸ਼ ਵਿੱਚ ਹੁੰਦੇ, ਮਰਦਾਨੇ ਨੂੰ ਸੰਬੋਧਨ ਹੋ ਉਚਰਿਤ ਕਰਦੇ। ਮਰਦਾਨਾ, ਗੁਰੂ ਨਾਨਕ ਪਾਤਸ਼ਾਹ ਦੇ ਦੱਸੇ ਰਾਗ ਅਨੁਸਾਰ ਰਬਾਬ ਸੁਰ ਕਰਦਾ, ਅਰੋਹੀ/ਅਵਰੋਹੀ ਦਾ ਵਾਦਨ ਕਰਦਾ, ਗੁਰੂ ਨਾਨਕ ਕਦੇ ਮਲਾਰ, ਕਦੇ ਬਿਹਾਗ, ਬਹਾਰ, ਕਾਨੜਾ ਆਦਿ ਦੇ ਸੁਰਾਂ 'ਚ ਗੁਆਚ ਮਸਤ ਹੋ ਗਾਉਣ ਲੱਗ ਪੈਂਦੇ। ਸਮਾਂ ਰੁਕ ਜਾਂਦਾ, ਉਡਦੇ ਪੰਛੀ, ਲੰਘਦੇ ਰਾਹੀ, ਜੰਗਲ ਦੇ ਜਾਂਗਲੀ ਜਾਨਵਰ ਉਸ ਰਾਗ ਦੀਆਂ ਸੁਰਾਂ ਦੇ ਮੋਹੇ ਸਰੋਤੇ ਬਣ ਆਨੰਦ ਮਾਣਦੇ।

ਉਪਰੋਕਤ ਦ੍ਰਿਸ਼ ਦਾ ਚਿਤਰਣ ਜਨਮਸਾਖੀਕਾਰ ਵੱਖ-ਵੱਖ ਬਿਰਤਾਂਤਾਂ ਦੀ ਸਿਰਜਣਾ ਵਿੱਚ ਕਰਦਾ ਹੈ। ਪਰ ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਕ ਆਸ਼ਕੀ ਨੂੰ ਅੱਖੀਂ ਦੇਖਿਆ ਹੈ ਉਹ ਭਲੀਭਾਂਤ ਜਾਣਦੇ ਹਨ ਕਿ ਸਤਿਗੁਰੂ ਜੀ ਜਦੋਂ ਕਿਸੇ ਸੰਗੀਤਕ ਬੈਠਕ ਵਿੱਚ ਬੈਠੇ ਹੁੰਦੇ ਤਾਂ ਸਚਮੁੱਚ ਸਮਾਂ ਰੁਕ ਜਾਂਦਾ ਸੀ। ਨਾ ਉਨ੍ਹਾਂ ਨੂੰ ਭੁੱਖ ਦਾ ਚੇਤਾ, ਨਾ ਪਾਣੀ ਦਾ ਖਿਆਲ। ਇਹ ਬੈਠਕ ਜੇ ਭੈਣੀ ਸਾਹਿਬ ਹੋ ਰਹੀ ਹੁੰਦੀ ਤਾਂ ਸ਼ਾਮ ਦੇ 5-6 ਵਜੇ ਸ਼ੁਰੂ ਹੋ ਅੱਧੀ ਰਾਤ ਬੀਤਣ ਮਗਰੋਂ ਅੰਮ੍ਰਿਤ ਵੇਲੇ ਤੱਕ ਵੀ ਚੱਲਦੀ। ਸੰਗੀਤ ਸੁਣਨ-ਸੁਣਾਉਣ ਵਾਲੇ ਬਦਲਦੇ ਰਹਿੰਦੇ। ਪਰ ਸਤਿਗੁਰੂ ਜੀ ਆਪਣੀ ਸੰਗੀਤਕ ਖੁਰਾਕ ਨੂੰ ਖਾਂਦਿਆਂ ਰੱਜਦੇ ਈ ਨਾ।

ਰੱਬ ਖਾਂਦਾ ਰਾਗ ਨਿਆਮਤਾਂ ਪਹਿਨੇ ਸਚ ਪੁਸ਼ਾਕ॥

ਜੇ ਕਦੇ ਆਸਾ ਦੀ ਵਾਰ ਜਾਂ ਦੁਪਹਿਰ ਦੇ ਕੀਰਤਨ ਵਿੱਚ ਸਤਿਗੁਰੂ ਜੀ ਖ਼ੁਦ ਗਾਉਣ ਲੱਗ ਪੈਂਦੇ ਤਾਂ ਉਸ ਕੀਰਤਨ ਸਮੇਂ ਦੀ ਮਿਥੀ ਮਿਆਦ ਦਾ ਚੇਤਾ ਭੁੱਲ ਜਾਂਦਾ। ਮਸਤ ਹੋਏ ਗਾਉਂਦਿਆਂ ਨੂੰ ਘੰਟਿਆਂ ਬੱਧੀ ਸਮਾਂ ਵੱਧ ਲੱਗ ਜਾਂਦਾ।

ਸਤਿਗੁਰੂ ਜੀ ਜਿਥੇ ਸੰਗੀਤ ਦੇ ਆਸ਼ਕ ਸਨ, ਉਥੇ ਕਮਾਲ ਦੇ ਸਾਧਕ ਵੀ। ਭਰ ਸਿਆਲ ਦੀ ਠੰਢੀ ਰਾਤ ਨੂੰ ਬਾਹਰ ਪਾਣੀ ਦਾ ਟੱਬ ਭਰ ਕੇ ਉਸ ਵਿੱਚ ਬੈਠ ਕੇ ਸੁਰ ਟਿਕਾਉਣ ਦਾ ਰਿਆਜ਼ ਕਰਨਾ ਕਿ ਸੁਰ ਲਾਉਂਦਿਆਂ ਕੰਬਣ ਨਾ ਹੋਵੇ। ਫਿਰ ਸੰਗੀਤ ਸਿਖਿਅਕ ਐਸੇ ਕਿ ਛੋਟੇ-ਛੋਟੇ ਬੱਚਿਆਂ ਨੂੰ ਹਰ ਰੋਜ਼ ਉਨ੍ਹਾਂ ਨੇ ਰਿਆਜ਼ ਕਰਵਾਉਣਾ, ਸਿਖਾਉਣਾ, ਸੁਣਨਾ ਆਦਿ ਵਿੱਚ ਰੁੱਝਿਆਂ ਵੀ ਸਮੇਂ ਅਤੇ ਹੋਰ ਕੰਮਾਂ ਨੂੰ ਭੁੱਲ ਬਹਿੰਦੇ। ਉਸਤਾਦ ਹਰਿਭਜਨ ਸਿੰਘ ਦੱਸਦੇ ਹਨ ਕਿ ਸਤਿਗੁਰੂ ਜੀ ਨੇ ਕੇਵਲ ਸੰਗੀਤ ਸਿਖਾਇਆ ਹੀ ਨਹੀਂ ਸਗੋਂ ਉਨ੍ਹਾਂ ਆਪਣੇ ਹੀ ਸਿਖਿਅਤ ਸੰਗੀਤਕਾਰਾਂ ਦੀ ਐਸੀ ਕਦਰ ਕੀਤੀ, ਜੋ ਮਿਸਾਲ ਬਣੀ ਕਿ ਸੰਗੀਤ ਦੀ ਕਦਰ ਕਿਵੇਂ ਕਰੀਦੀ ਹੈ?

ਪਿਤਾ-ਸਤਿਗੁਰੂ ਪ੍ਰਤਾਪ ਸਿੰਘ ਦੇ ਬਚਨ ਕਿ "ਹਰ ਨਾਮਧਾਰੀ ਵਿਚੋਂ ਸੰਗੀਤ ਦੀ ਖ਼ੁਸ਼ਬੂ ਆਉਣੀ ਚਾਹੀਦੀ ਹੈ" ਨੂੰ

ਇੰਜ ਸਾਕਾਰ ਕੀਤਾ ਕਿ ਜੋ ਵੱਖਰੀ ਮਿਸਾਲ ਬਣ ਗਈ। ਨਾਮਧਾਰੀ ਬੱਚਿਆਂ ਨੂੰ ਸ਼ਾਸ਼ਤਰੀ-ਸੰਗੀਤ ਵਿੱਚ ਨਿਪੁੰਨ ਕਰਨ ਹਿਤ ਭਾਰਤ ਦੇ ਨਾਮੀ ਸੰਗੀਤਕਾਰਾਂ ਪਾਸੋਂ ਵਿੱਦਿਆ ਗ੍ਰਹਿਣ ਕਰਵਾਈ। ਉਨ੍ਹਾਂ ਵਿੱਚੋਂ ਪ੍ਰਮੁੱਖ ਸੰਗੀਤਕ ਉਸਤਾਦ ਹਨ- ਉਸਤਾਦ ਵਲਾਇਤ ਖਾਂ ਸਾਹਿਬ, ਉਸਤਾਦ ਅਮਜਦ ਅਲੀ ਖਾਂ, ਪੰ. ਕਿਸ਼ਨ ਮਹਾਰਾਜ, ਉਸਤਾਦ ਬਿਸਮਿਲਾ ਖਾਂ, ਅੱਲਾ ਰੱਖਾ ਜੀ, ਅਜੋਇ ਚੱਕਰਵਰਤੀ, ਪੰ. ਅਨੋਖੇ ਲਾਲ, ਬੀਬੀ ਐਨ. ਰਾਜਮ, ਇਮਾਰਤ ਖਾਂ ਸਾਹਿਬ, ਪੰ. ਸ਼ਿਵ ਕੁਮਾਰ ਸ਼ਰਮਾ, ਪੰ. ਬਿਰਜੂ ਮਹਾਰਾਜ, ਸਾਬਰੀ ਖਾਂ ਸਾਹਿਬ, ਪੰ. ਸਾਮਤਾ ਪ੍ਰਸਾਦ, ਪੰ. ਸੁਰੇਸ਼ ਤਲਵਲਕਰ, ਪੰ. ਹਰੀ ਪ੍ਰਸਾਦ ਚੌਰਸੀਆ, ਪੰ. ਦੁਰਗਾ ਲਾਲ, ਉਸਤਾਦ ਪਿਆਰਾ ਸਿੰਘ, ਪੰ. ਰਾਜਨ-ਸਾਜਨ ਮਿਸ਼ਰਾ, ਪੰ. ਪ੍ਰੇਮ ਵੱਲਭ, ਪੰ. ਰਾਮ ਨਰਾਇਣ, ਪੰ. ਰਮਾਂਕਾਂਤ, ਪੰ. ਰਾਮ ਜੀ ਮਿਸ਼ਰ, ਸ੍ਰੀ ਵਰਿੰਦਰ ਕੁਮਾਰ ਆਦਿ।

ਸਤਿਗੁਰੂ ਜੀ ਦੀ ਮਿਹਰ ਸਦਕਾ ਇਨ੍ਹਾਂ ਉਸਤਾਦਾਂ ਨੇ ਦਰਜਾਂ ਉਭਰਦੇ ਸੰਗੀਤਕਾਰਾਂ ਨੂੰ ਨਿਪੁੰਨਤਾ ਦੇ ਮਾਰਗ ਉੱਤੇ ਤੋਰਿਆ। ਸਤਿਗੁਰੂ ਜੀ ਦੀ ਇਹ ਦਿਲੀ ਰੀਝ ਸੀ ਕਿ ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਵਜਦੇ ਤੰਤੀ ਸਾਜਾਂ ਵਿੱਚ ਉਨ੍ਹਾਂ ਦੇ ਬਾਲਕੇ ਨਿਪੁੰਨ ਹੋਣ। ਉਨ੍ਹਾਂ ਦੇ ਦੌਰ ਸਮੇਂ ਨਾਮਧਾਰੀ ਸਟੇਜਾਂ 'ਤੇ ਇਕੋ ਸਮੇਂ ਵੱਖ-ਵੱਖ ਤੰਤੀ ਸਾਜ਼ਾਂ ਸਾਰੰਗੀ, ਸੰਤੂਰ, ਸਿਤਾਰ, ਰਬਾਬ, ਤਾਰ-ਸ਼ਹਿਨਾਈ, ਦਿਲਰੁਬਾ, ਬੰਸਰੀ, ਜੋੜੀ, ਮਰਦੰਗ, ਤਬਲਾ, ਸਾਰੰਦਾ ਆਦਿ ਦੇ ਵਾਦਨ ਸਹਿਤ ਕੀਰਤਨ ਹੁੰਦਾ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਕਦਰ ਭਾਰਤੀ ਸ਼ਾਸ਼ਤਰੀ ਸੰਗੀਤ ਤੇ ਗੁਰਮਤਿ ਸੰਗੀਤ ਦਾ ਸੁਮੇਲ ਕਰਕੇ ਸੰਗੀਤਕ ਰਚਨਾਤਮਕਤਾ ਵਿੱਚ ਯੋਗਦਾਨ ਪਾਇਆ, ਸ਼ਾਇਦ ਕੋਈ ਹੋਰ ਵਿਅਕਤੀ ਜਾਂ ਅਦਾਰਾ ਵੀ ਐਸਾ ਕਾਰਜ ਨਹੀਂ ਕਰ ਸਕਿਆ। ਉਸਤਾਦ ਅਮਜਦ ਅਲੀ ਖਾਂ ਨੇ ਕਿਹਾ ਸੀ ਕਿ ਖੰਡ ਮਾਤਰਾ ਵਿੱਚ ਸਤਿਗੁਰੂ ਜੀ ਐਸੀਆਂ ਬੰਦਿਸ਼ਾਂ ਤਿਆਰ ਕੀਤੀਆਂ, ਜੋ ਵੱਡੇ-ਵੱਡੇ ਤਾਲ ਮਾਹਰਾਂ ਨੂੰ ਚਕ੍ਰਿਤ ਕਰ ਦੇਂਦੀਆਂ ਹਨ। ਉਨ੍ਹਾਂ ਪੌਣੇ ਚੌਦਾਂ, ਪੌਣੇ ਪੰਦਰਾਂ, ਪੌਣੇ ਅੱਠ, ਸਵਾ ਪੰਦਰਾਂ, ਸਵਾ ਗਿਆਰਾਂ ਆਦਿ ਮਾਤਰਾਵਾਂ ਵਿੱਚ ਬੰਦਿਸ਼ਾਂ ਤਿਆਰ ਕਰ ਆਪਣੇ ਸਿਖਿਆਰਥੀਆਂ ਨੂੰ ਸਿਖਾਈਆਂ। ਉਸਤਾਦ ਜਾਕਿਰ ਹੁਸੈਨ ਨੇ ਠੀਕ ਹੀ ਕਿਹਾ ਸੀ ਕਿ ਕਿਸੇ ਹੋਰ ਗੁਣਵੰਤ ਮਹਾਂਪੁਰਸ਼ ਨੇ ਜੀਵਨ ਦੇ ਸਾਰੇ ਖੇਤਰ ਵਿੱਚ ਸੰਗੀਤ ਬਾਰੇ, ਰੂਹਾਨੀਅਤ ਬਾਰੇ, ਜੀਵਨ ਸੁਚੱਜ ਬਾਰੇ ਸਾਡੀ ਪੀੜੀ ਉੱਤੇ ਏਨਾ ਡੂੰਘਾ ਪ੍ਰਭਾਵ ਨਹੀਂ ਪਾਇਆ ਅਤੇ ਨਾ ਹੀ ਹੋਰ ਕਿਸੇ ਨੂੰ ਇਹ ਗਿਆਨ ਦਿੱਤਾ ਹੈ ਕਿ ਆਦਰਸ਼ਕ ਜੀਵਨ, ਖ਼ਾਸ ਕਰਕੇ ਸੰਗੀਤ ਨਾਲ ਜੁੜ ਕੇ, ਕਿਵੇਂ ਜੀਵਿਆ ਜਾ ਸਕਦਾ ਹੈ। ਅਸ਼ੀਰਵਾਦੀ ਹੱਥ, ਜੋ ਸਤਿਗੁਰੂ ਜੀ ਨੇ ਸਾਡੇ, ਕਾਲਕਾਰਾਂ ਦੇ ਸਿਰ ਉੱਤੇ ਰੱਖਿਆ, ਇਸ ਜੀਵਨ ਵਿੱਚ ਜਾਂ ਸਾਡੇ ਜੁੱਗ ਵਿੱਚ ਉਹਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ।

ਪੰਡਿਤ ਰਾਜਨ ਮਿਸ਼ਰਾ ਨੇ ਇਕ ਵਾਰ ਕਿਹਾ ਸੀ, "ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ ਵੋਹ ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ। ਆਪ ਕੇ ਮਸਤਿਸ਼ ਮੇਂ ਚੌਬੀਸ ਘੰਟੇ ਸੰਗੀਤ ਚਲਤਾ ਰਹਿਤਾ ਹੈ।"

ਸਰੋਦ ਸਮਰਾਟ ਉਸਤਾਦ ਅਮਜਦ ਅਲੀ ਖਾਂ ਨੇ ਸਤਿਗੁਰੂ ਜੀ ਬਾਰੇ ਕਿਹਾ ਸੀ ਕਿ "ਹਮਾਰੇ ਪਿਤਾ ਜੀ ਹਮੇਸ਼ਾਂ ਕਹਿਤੇ ਥੇ ਕਿ ਸ਼ਾਸ਼ਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ ਯਾ ਤੋ ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫਕੀਰ ਹੋ। ਬਾਦਸ਼ਾਹ ਯਾ ਫਕੀਰ ਕੇ ਬੀਚ ਵਾਲੇ ਕਾ ਯਹ ਕਾਮ ਨਹੀਂ ਹੈ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੁਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸਤ੍ਰੀ ਸੰਗੀਤ ਕਿਆ ਹੈ। ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।"

ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਤਿਗੁਰੂ ਉਦੇ ਸਿੰਘ ਜੀ ਉਨ੍ਹਾਂ ਦੀ ਧਰੋਹਰ ਨੂੰ ਅੱਗੇ ਤੋਰ ਰਹੇ ਹਨ। ਉਹ ਹਰ ਸਾਲ ਨਾਮਧਾਰੀ ਦਰਬਾਰ ਵੱਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਪ੍ਰਕਾਸ਼ ਦਿਹਾੜੇ 'ਤੇ ਸੰਗੀਤ ਸੰਮੇਲਨ ਕਰਵਾਉਂਦੇ ਹਨ। ਜਿਸ ਵਿੱਚ ਹੁਣ ਤੱਕ ਭਾਰਤ ਦੇ ਨਾਮੀ ਸੰਗੀਤਕਾਰ ਹਾਜ਼ਰੀ ਲਵਾ ਚੁੱਕੇ ਹਨ।

ਇਸ ਸਾਲ ਬੀਤੇ ਦਿਨੀਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ 25,26,27 ਨਵੰਬਰ 2022 ਨੂੰ ਸ੍ਰੀ ਭੈਣੀ ਸਾਹਿਬ ਵਿਖੇ 10 ਵਾਂ ਸੰਗੀਤ ਸੰਮੇਲਨ ਹੋਇਆ। ਜਿਸ ਵਿੱਚ ਭਾਰਤ ਦੇ ਵੱਖ-ਵੱਖ ਸੰਗੀਤ ਮਾਹਰਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸੰਗੀਤ ਸੰਮੇਲਨ ਤੋਂ ਪਹਿਲਾਂ ਸੰਗੀਤ ਪ੍ਰਤੀਯੋਗਤਾ ਵੀ ਹੋਈ। ਜਿਸ ਵਿੱਚ ਸਮੁੱਚੇ ਭਾਰਤ ਦੇ ਰਾਜਾਂ/ਪ੍ਰਾਂਤਾਂ ਵਿੱਚੋਂ ਉੱਭਰ ਰਹੇ ਨੌਜਵਾਨ ਸ਼ਾਸ਼ਤਰੀ ਸੰਗੀਤਕਾਰਾਂ ਨੇ ਹਿੱਸਾ ਲਿਆ। ਇਹ ਪ੍ਰਤੀਯੋਗਤਾ ਜੂਨੀਅਰ ਤੇ ਸੀਨੀਅਰ ਵਰਗ ਦੋਹਾਂ ਦੀ ਹੋਈ। ਜਿਸ ਦੀ ਜੱਜਮੈਂਟ ਪ੍ਰਮੁੱਖ ਸੰਗੀਤਕਾਰ ਪੰ. ਅਜੈ ਚੱਕਰਵਰਤੀ ਜੀ ਨੇ ਕੀਤੀ। ਨਾਮਧਾਰੀ ਸੰਗਤ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ਼ਾਸਤਰੀ ਸੰਗੀਤ ਦੀ ਸੇਵਾ ਕਰ ਰਹੀ ਹੈ।

# ਗੁਰਬਾਣੀ ਵਿਆਖਿਆ - ਜਾਪੁ

**ਸਦਾ ਸੱਚਿਦਾਨੰਦ ਸਰਬੰ ਪ੍ਰਣਾਸੀ॥**
ਤੂੰ ਸਦਾ ਸਤ-ਚਿੱਤ-ਆਨੰਦ ਅਤੇ ਸਾਰਿਆਂ ਨੂੰ ਨਾਸ ਕਰਨ ਵਾਲਾ ਹੈਂ।
You are the *sachidanand**and destroyer of all.
(*An epithet for God but literally it is a combination of three words sat (truth), chit (intellect) and anand (bliss) meaning thereby that God is the energy of truth, intellect and bliss in man.)
O, God! the embodiment of truth, intellect and bliss, and the destroyer of all, Salutations to You,

**ਅਨੂਪੇ ਅਰੂਪੇ ਸਮਸਤੁਲ ਨਿਵਾਸੀ॥੫੮॥**
ਹੇ ਪ੍ਰਭੂ! ਤੂੰ ਉਪਮਾ ਤੇ ਰੂਪ ਰਹਿਤ ਅਤੇ ਸਰਬ ਵਿਆਪਕ ਹੈਂ।
O God! You are incomparable, formless and omnipresent.
You are incomparable, formless and omnipresent.

**ਸਦਾ ਸਿਧਿਦਾ ਬੁੱਧਿਦਾ ਬ੍ਰਿਧ ਕਰਤਾ॥**
ਤੂੰ ਸਦਾ ਆਤਮਿਕ ਸ਼ਕਤੀ ਤੇ ਗਿਆਨ ਵਿੱਚ ਵਾਧਾ ਕਰਨ ਵਾਲਾ ਹੈਂ।
You are the one who increases.
You are the bestower and enhancer of spirituality and knowledge.

**ਅਧੋ ਉਰਧ ਅਰਧੰ ਅਘੰ ਓਘ ਹਰਤਾ॥੫੯॥**
ਧਰਤ, ਪਤਾਲ ਅਤੇ ਸਵਰਗ ਦੇ ਸਾਰੇ ਹੀ ਪਾਪਾਂ ਨੂੰ ਨਾਸ ਕਰਨ ਵਾਲਾ ਹੈਂ।
You are the destroyer of sins on earth, netherworld and heaven.
You are the destroyer of sins of earth, netherworld and heaven.

**ਪਰੰ ਪਰਮ ਪਰਮੇਸ੍ਵਰੰ ਪ੍ਰੋਛਪਾਲੰ॥**
ਮਹਾਨ ਤੋਂ ਮਹਾਨ ਰਾਜੇ! ਤੂੰ ਜੀਵਾਂ ਨੂੰ ਓਹਲੇ ਰਹਿ ਕੇ ਪਾਲਦਾ ਹੈਂ।
The greatest of kings! You sustain the *jivas* i.e. animate beings behind the scene.
O, Supreme God! You take care of all beings invisibly.

**ਸਦਾ ਸਰਬ ਦਾ ਸਿੱਧ ਦਾਤਾ ਦਿਆਲੰ॥੬੦॥**
ਤੂੰ ਹਮੇਸ਼ਾਂ ਹੀ ਸਿੱਧੀਆਂ ਦਾ ਦਾਤਾ ਅਤੇ ਮਿਹਰਵਾਨ ਹੈਂ।
You are always the giver of spiritual powers and munificent.
You are the bestower of virtues in all times.

**ਅਛੇਦੀ ਅਭੇਦੀ ਅਨਾਮੰ ਅਕਾਮੰ॥**
ਤੂੰ ਖੰਡ, ਭੇਦ, ਨਾਮ ਅਤੇ ਕਾਮਨਾ ਤੋਂ ਰਹਿਤ ਹੈਂ।
You are beyond region, discrimination and desire.
You are without region, doubt, name and desire.

**ਸਮਸਤੋਪਰਾਜੀ ਸਮਸਤਸਤੁ ਧਾਮੰ॥੬੧॥**
ਹੇ ਪ੍ਰਭੂ! ਤੂੰ ਸਾਰਿਆਂ ਨੂੰ ਪੈਦਾ ਕਰਨ ਵਾਲਾ ਅਤੇ ਉਹਨਾਂ ਦਾ ਆਸਰਾ ਹੈਂ।
O God! You are the creator and shelter, support of all.

**ਤੇਰਾ ਜੋਰੁ॥ਚਾਚਰੀ ਛੰਦ**
**ਜਲੇ ਹੈਂ॥ਥਲੇ ਹੈਂ॥**
ਹੇ ਪ੍ਰਭੂ! ਤੂੰ ਜਲ ਵਿੱਚ ਵੀ ਹੈਂ ਅਤੇ ਥਲ ਵਿੱਚ ਵੀ ਹੈਂ।
Tera Joru Chachri Chhand
O God! You are there in water as well as terra firma.
O, God! You are in water and land.

**ਅਭੀਤ ਹੈਂ॥ਅਭੇ ਹੈਂ॥੬੨॥**
ਤੂੰ ਬੇਖ਼ੌਫ਼ ਅਤੇ ਨਿਡਰ ਹੈਂ।
You are fearless and dauntless.

**ਪ੍ਰਭੂ ਹੈਂ॥ਅਜੂ ਹੈਂ॥**
ਤੂੰ ਪ੍ਰਕਾਸ਼ ਵਾਲਾ ਅਤੇ ਜਨਮ ਤੋਂ ਰਹਿਤ ਹੈਂ।
You are the light and away from the shackles of birth.
You are enlightening and without origin.

**ਅਦੇਸ ਹੈਂ॥ਅਭੇਸ ਹੈਂ॥੬੩॥**
ਤੂੰ ਦੇਸ ਅਤੇ ਭੇਖ ਤੋਂ ਰਹਿਤ ਹੈਂ।
You are without any particular country and appearance.
You are free from the distinctions of country and form.

**ਭੁਜੰਗ ਪ੍ਰਯਾਤ ਛੰਦ॥**
Bhujang Prayaat Chhand

**ਅਗਾਧੇ ਅਬਾਧੇ॥ਅਨੰਦੀ ਸਰੂਪੇ॥**
ਹੇ ਪ੍ਰਭੂ! ਤੂੰ ਗੰਭੀਰ, ਅਵਿਨਾਸ਼ੀ ਅਤੇ ਆਨੰਦ ਸਰੂਪ ਹੈਂ।
O God! You are sober, eternal and bliss-incarnate.
O God! You are sober, eternal and ever-joyous.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਗੁਰਮਤਿ ਅਨੁਸਾਰ ਸਫੈਦ ਬਸਤਰ ਅਤੇ ਸਫੈਦ ਨਿਸ਼ਾਨ ਸਾਹਿਬ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਸਫੈਦ, ਸੁਪੇਦ ਅਤੇ ਚਿੱਟਾ ਸਾਮਾਨਰਥਕ ਸ਼ਬਦ ਹਨ, ਜਿਹਨਾਂ ਦੇ ਅਰਥ ਮਿਲਦੇ ਜੁਲਦੇ ਭਾਵ ਇਕੋ ਹੀ ਹਨ। ਭਾਈ ਕਾਹਨ ਸਿੰਘ ਨਾਭਾ ਪੁਸਤਕ "ਗੁਰਸ਼ਬਦ ਰਤਨਾ ਕਰ ਮਹਾਨ ਕੋਸ਼" ਦੇ ਪੰਨਾ 466 ਤੇ ਸ਼ਬਦ ਚਿੱਟਾ ਰੰਗ ਨਿਰਮਲਤਾ ਅਰਥਾਤ ਸ਼ੁਧਤਾ ਦਾ ਪ੍ਰਤੀਕ ਹੈ, ਸ਼ਾਂਤੀ ਦਾ ਚਿੰਨ੍ਹ ਹੈ, ਬ੍ਰਹਮ ਗਿਆਨੀ ਦੀ ਅਧਿਆਤਮਕ ਅਵਸਥਾ ਦੀ ਪਹਿਚਾਣ ਦੀ ਨਿਸ਼ਾਨੀ ਹੈ। ਸਫੈਦ ਬਸਤਰ ਸਤਿਜੁਗ ਦੇ ਸਮੇਂ ਦਾ ਬਾਣਾ ਸੀ ਜੋ ਕਲਿਜੁਗ ਦੇ ਸਮੇਂ ਅਲੋਪ ਹੋ ਚੁੱਕਾ ਸੀ, ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਮੁੜ ਬਖਸ਼ਿਆ, ਉਸ ਸਤਿਜੁਗੀ ਬਾਣੇ ਬਾਰੇ ਗੁਰੂ ਜੀ ਆਸਾ ਦੀ ਵਾਰ ਵਿੱਚ ਲਿਖਦੇ ਹਨ-

ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ॥

ਸੇਤੰਬਰੁ ਦਾ ਅਰਥ ਸਵੇਤ-ਅੰਬਰ, ਸਵੇਤ ਬਸਤਰ ਹੈ। ਭਾਈ ਕਾਹਨ ਸਿੰਘ ਨਾਭਾ ਜੀ ਇਸ ਦੇ ਅਰਥ ਇਸ ਪ੍ਰਕਾਰ ਕਰਦੇ ਹਨ- "ਸਤੋ ਗੁਣ ਪ੍ਰਧਾਨ ਹੈ ਜਿਸ ਵਿੱਚ ਗਿਆਨ ਕਾਂਡ ਹੈ ਸੁਖ।" "ਸਤੋ ਗੁਣ ਦਾ ਭਾਵ ਸ਼ਾਂਤਿ, ਦਇਆ, ਦਾਨ ਖਿਮਾ ਅਤੇ ਪ੍ਰਸੰਨਤਾ ਹੈ।"

ਉਸ ਸਤਿਜੁਗੀ ਬਾਣੇ ਨੂੰ ਗੁਰੂ ਜੀ ਨੇ ਅਪਨਾ ਕੇ ਨਿਰਮਲ ਪੰਥ ਦੀ ਨੀਂਹ ਰਖੀ ਅਤੇ ਲੋਕਾਈ ਨੂੰ ਵਹਿਮਾਂ ਭਰਮਾਂ ਤੋਂ ਬਚਾਇਆ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਇਸ ਪ੍ਰਕਾਰ ਕਰਦੇ ਹਨ-

ਮਾਰਿਆ ਸਿਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਇਆ॥

ਉਪਰੋਕਤ ਪ੍ਰਮਾਣ ਅਨੁਸਾਰ ਗੁਰੂ ਨਾਨਕ ਜੀ ਨੇ ਸਿਖ ਪੰਥ ਭਾਵ ਨਿਰਮਲ ਪੰਥ ਚਲਾਇਆ ਅਤੇ ਉਨ੍ਹਾਂ ਨੇ ਨਿਰਮ੍ਹਲੇ ਸਿਖ ਭਾਵ ਚਿੱਟੇ ਬਸਤਰ ਧਾਰੀ ਸਿੱਖ ਚਾਰ ਕੂੰਟਾ ਵਿੱਚ ਪ੍ਰਭੂ ਦਾ ਜਸ ਗਾਇਨ ਕਰਨ ਲਗੇ ਅਤੇ ਇਸ ਪ੍ਰਕਾਰ ਉਹ ਨਿਰਮਲ ਪੰਥ, ਨਿਰਮਲ ਭੇਖ ਜਗਤ ਪ੍ਰਸਿਧ ਹੋਇਆ। ਭਾਈ ਬਾਲੇ ਵਾਲੀ ਜਨਮ ਸਾਖੀ ਦੀ 'ਮੱਕੇ ਦੀ ਗੋਸਟਿ' ਵਿੱਚ ਲਿਖਿਆ ਹੈ-

ਕਲਿਯੁਗ ਨਾਨਕ ਨਿਰਮਲਾ, ਗੁਰ ਚੇਲਾ ਪਰਵਾਨ।
ਪਾਰਿ ਉਤਾਰੇ ਸਭਨਾ, ਸਤਿਨਾਮ ਦੇ ਦਾਨ।
ਕਲਿਯੁਗ ਨਾਨਕ ਨਿਰਮਲਾ, ਪੰਥ ਚਲਾਇਓ ਆਇ।
ਵੇਦ ਕਤੇਬੋਂ ਬਾਹਰਾ, ਜਪਦੇ ਏਕ ਖੁਦਾਇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਨਿਰਮਲ ਪੰਥ ਬਾਰੇ ਜ਼ਿਕਰ ਆਇਆ। ਭਟ ਬਾਣੀ ਵਿੱਚ ਇਸ ਪ੍ਰਕਾਰ ਲਿਖਿਆ ਹੈ-

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥

ਉਸ ਨਿਰਮਲ ਭੇਖ ਵਾਲੇ ਸਿਖ ਭਾਵ ਚਿਟੇ ਬਸਤਰ ਧਾਰੀ ਸਿਖਾਂ ਦੀ ਨਿਰਾਲੀ ਹੀ ਸ਼ੋਭਾ, ਗੁਰੂ ਨਾਨਕ ਦੇਵ ਜੀ ਦੇ ਸਮੇਂ ਉਨ੍ਹਾਂ ਦੀ ਕਿਰਪਾ ਸਦਕਾ ਪ੍ਰਗਟ ਹੋਈ ਅਤੇ ਉਹ ਮਾਨਸਰੋਵਰ ਦੇ ਹੰਸ ਜਗਤ ਵਿੱਚ ਕਾਰ ਵਿਹਾਰ ਕਰਦੇ ਹੋਏ ਪ੍ਰਭੂ ਦਾ ਜਾਪ ਕਰਨ ਲਗੇ। ਇਸ ਪ੍ਰਕਾਰ ਉਹ ਗ੍ਰਹਿਸਤ ਭੋਗਦੇ ਹੋਏ ਬ੍ਰਹਮ ਗਿਆਨੀ ਕਹਾਏ, ਉਨ੍ਹਾਂ ਨੇ ਆਪਣਾ ਲੋਕ ਸੁਖੀਆ ਪ੍ਰਲੋਕ ਸੁਹੇਲਾ ਕੀਤਾ। ਮਹਾਂਕਾਵਿ ਸੰਤੋਖ ਸਿੰਘ ਜੀ ਗ੍ਰੰਥ 'ਗੁਰ ਪ੍ਰਤਾਪ ਸੂਰਜ' ਵਿੱਚ ਲਿਖਦੇ ਹਨ-

ਜੋਗ ਭੋਗ ਸੋ ਦੋਨੋ ਰੀਤ।
ਦਈ ਨਿਰਮਲ ਪੰਥ ਕੋ ਚੀਤ।
ਸਤਿਨਾਮ ਕੋ ਸੁਮਰਨ ਕਰਨੋ।
ਇਹੀ ਯੋਗ ਇਕ ਲਿਵ ਕੋ ਵਰਨੋ।
ਲਰਨ ਰਿਪਨ ਸੋ ਕਰਯੋ ਰਾਜ।
ਇਹੀ ਭੋਗ ਦੇ ਦੀਏ ਸਮਾਜ।
ਇਤਯਾਦਿਕ ਨਿਰਮਲ ਯਸ ਕੋ।
ਬੰਦਹਿ ਸਤਿਗੁਰ ਪਾਇ ਪਰਸ ਕੋ।

ਗੁਰੂ ਨਾਨਕ ਦੇਵ ਜੀ ਨੇ ਸਫੈਦ ਬਸਤਰਾਂ ਅਰਥਾਤ ਸੱਚ ਦੇ ਧਾਰਨ ਵਾਲੇ ਬਾਣੇ ਨੂੰ ਜੋ ਬੇਦਾਗ ਹੁੰਦਾ ਹੈ, ਲੋਕਾਈ ਨੂੰ

ਦਿੱਤਾ ਅਤੇ ਚਿੱਟਾ ਧਰਮ ਧੁਜਾ ਲਹਿਰਾਇਆ। ਸਤਿਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਓਹੀ ਪਰੰਪਰਾ ਨੂੰ ਗੁਰੂ ਅੰਗਦ ਦੇਵ ਜੀ ਨੇ ਅਗੇ ਤੋਰਿਆ ਅਤੇ ਫਿਰ ਉਹਨਾਂ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਗੋਬਿੰਦਵਾਲ ਤੀਰਥ ਦੀ ਰਚਨਾ ਕਰਕੇ ਵਿਆਪਕ ਪੱਧਰ ਤੇ ਲੰਗਰ ਦੀ ਪ੍ਰਥਾ ਨੂੰ ਚਾਲੂ ਕੀਤਾ ਅਤੇ ਬਉਲੀ ਸਾਹਿਬ ਦੀ ਰਚਨਾ ਕਰਕੇ ਜਾਤ-ਪਾਤ ਅਤੇ ਛੂਤ ਛਾਤ ਦੀ ਭਾਵਨਾ ਨੂੰ ਖਤਮ ਕਰ ਦਿੱਤਾ ਅਤੇ ਫਿਰ ਗੋਇੰਦਵਾਲ ਸਾਹਿਬ ਚਿੱਟਾ ਨਿਸ਼ਾਨ ਸਾਹਿਬ ਲਗਾ ਕੇ ਗੁਰੂ ਨਾਨਕ ਜੀ ਦੇ ਨਿਰਮਲ ਪੰਥ ਦੀ ਸ਼ੋਭਾ ਚਾਰੇ ਕੂੰਟਾਂ ਵਿੱਚ ਪਹੁੰਚਾਈ ਅਤੇ ਲੋਕਾਈ ਨੂੰ ਸਚ ਦੇ ਮਾਰਗ ਦੇ ਪਾਂਧੀ ਬਣਾਇਆ। ਉਸ ਨਿਸ਼ਾਨ ਸਾਹਿਬ ਦੇ ਝੁਲਾਉਣ ਬਾਰੇ ਭਟ ਬਾਣੀ ਵਿੱਚ ਅੰਕਿਤ ਹੈ-

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ
ਅਘ ਪੁੰਜ ਤਰੰਗ ਨਿਵਾਰਨ ਕਉ॥

ਇਹ ਨਿਸ਼ਾਨ ਸਾਹਿਬ ਅਥਵਾ ਸਫੈਦ ਹੀ ਸੀ ਜੋ ਤੀਸਰੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਬਿੰਦਵਾਲ ਵਿਖੇ ਝੁਲਾਇਆ ਸੀ ਕਲ ਭਟ ਇਸ ਪ੍ਰਥਾਇ ਲਿਖਦਾ ਹੈ-

ਸਤਿ ਸੂਰਉ ਸੀਲਿ ਬਲਵੰਤੁ ਸਤਿ ਭਾਇ ਸੰਗਤਿ
ਸਘਨ ਗਰੂਅ ਮਤਿ ਨਿਰਵੈਰਿ ਲੀਣਾ॥
ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥

ਇਸ ਬਾਣੀ ਦੇ ਅਰਥ ਕਰਦੇ ਹੋਏ ਮਨਮੋਹਨ ਸਿੰਘ ਐਡਵੋਕੇਟ ਜੀ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਦੇ ਹਨ-

ਗੁਰੂ ਸੱਚ ਦਾ ਸੂਰਮਾ, ਨਿਮਰਤਾ ਵਿੱਚ ਬਲੀ, ਨੇਕ ਸੁਭਾ ਅਤੇ ਡੂੰਘੀ ਸਮਝ ਵਾਲਾ ਹੈ ਅਤੇ ਭਾਰੀ ਸਮਝ ਵਾਲੀ ਸੰਗਤ ਵਿੱਚ ਵਸਦਾ ਹੋਇਆ ਹੈ ਦੁਸਮਣੀ ਰਹਿਤ ਸਾਂਈ ਅੰਦਰ ਸਮਾਇਆ ਰਹਿੰਦਾ ਹੈ।

ਐਹੋ ਜੇਹੇ ਹਨ ਗੁਰੂ ਜੀ, ਜਿਨ੍ਹਾਂ ਦਾ ਸ਼ਹਿਣਸ਼ੀਲਤਾ ਦਾ ਚਿੱਟਾ ਝੰਡਾ- ਬ੍ਰਹਮ ਲੋਕ ਨੂੰ ਜਾਣ ਵਾਲੇ ਪੁਲ ਉਤੇ ਐਨ ਆਰੰਭ ਤੋਂ ਦਿਸ ਰਿਹਾ ਹੈ।

ਇਸਦੀ ਪੁਸ਼ਟੀ ਫਰੀਦਕੋਟੀ ਸਟੀਕ ਤੋਂ ਵੀ ਹੋ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਪਰੋਕਤ ਗੁਰਬਾਣੀ ਦੇ ਪ੍ਰਮਾਣ ਤੇ ਕਿਸੇ ਨੂੰ ਸ਼ੰਕਾ ਨਹੀਂ ਹੋ ਸਕਦਾ। ਸਿਖ ਪੰਥ ਦਾ ਨਿਸ਼ਾਨ ਸਾਹਿਬ ਚਿੱਟਾ ਹੀ ਹੁੰਦਾ ਸੀ।

ਵਰਤਮਾਨ ਸਮੇਂ ਵਿੱਚ ਇਤਿਹਾਸਕ ਗੁਰ-ਦੁਆਰਿਆਂ ਵਿੱਚ ਕੇਸਰੀ ਨਿਸ਼ਾਨ ਸਾਹਿਬ ਲਗਾਇਆ ਜਾਂਦਾ ਹੈ ਪਰੰਤੂ ਗੁਰਦੁਆਰਾ ਹਰੀਆਂ ਵੇਲਾਂ ਵਾਲੇ ਨਿਹੰਗ ਸਿੰਘ ਅਤੇ ਹੋਰ ਨਿਹੰਗ ਸਿੰਘ ਆਪਣੇ ਗੁਰਦੁਆਰਿਆਂ ਵਿੱਚ ਨੀਲੇ ਰੰਗ ਦਾ ਨਿਸ਼ਾਨ ਸਾਹਿਬ ਝੁਲਾਉਂਦੇ ਹਨ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਜੀ ਦੀ ਉਪਰੋਕਤ ਪ੍ਰਮਾਣਿਤ ਬਾਣੀ ਅਨੁਸਾਰ ਚਿੱਟਾ ਨਿਸ਼ਾਨ ਸਾਹਿਬ ਹੀ ਗੁਰਦੁਆਰੇ ਅੰਦਰ ਹੋਣਾ ਚਾਹੀਦਾ ਹੈ।

ਨੀਲਾ ਰੰਗ ਮੁਸਲਮਾਨੀ ਰੰਗ ਹੈ, ਇਸਦੀ ਹਿੰਦੂਆਂ ਵਿੱਚ ਮਨਾਹੀ ਰਹੀ ਹੈ ਅਤੇ ਚਿੱਟੇ ਰੰਗ ਦੇ ਕਪੜੇ ਅਰਥਾਤ ਸਫੈਦ, ਨਿਰਮਲ ਬਸਤਰ ਨੂੰ ਪਵਿੱਤਰ ਸਮਝਿਆ ਜਾਂਦਾ ਰਿਹਾ ਹੈ। ਰਿਸ਼ੀਆਂ ਮੁਨੀਆਂ ਦੇ ਬਸਤਰ ਚਿੱਟੇ ਹੋਇਆ ਕਰਦੇ ਸਨ, ਇਹੋ ਕਾਰਨ ਸੀ ਕਿ ਮੁਸਲਮਾਨੀ ਰਾਜ ਵਿੱਚ ਹਿੰਦੂ ਚਿਟੀ ਪਗੜੀ ਨਹੀਂ ਸੀ ਬੰਨ ਸਕਦੇ। ਪੁਸਤਕ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ" ਵਿੱਚ ਲਾਲਾ ਦੌਲਤ ਰਾਇ (ਪੰਜਵੀ ਐਡੀਸ਼ਨ) ਵਿੱਚ ਲਿਖਦੇ ਹਨ-

"ਜੇਤੂ ਮੁਸਲਮਾਨ ਹਿੰਦੂਆਂ ਨੂੰ ਨੀਵਾਂ ਜਾਣ ਕੇ ਨਫ਼ਰਤ ਕਰਦੇ ਸਨ। ਹਿੰਦੂਆਂ ਨੂੰ ਘੋੜੇ ਦੀ ਸਵਾਰੀ ਕਰਨ ਦੀ ਆਗਿਆ ਨਹੀਂ ਸੀ ਅਤੇ ਦਸਤਾਰ ਸਜਾਉਣ ਦੀ ਮਨਾਹੀ ਸੀ, ਖਾਸ ਕਰਕੇ ਸਫੈਦ ਅਤੇ ਹਿੰਦੂ ਨੀਲੇ ਰੰਗ ਨਾਲ ਘਿਰਣਾ ਕਰਨ ਲਗ ਪਏ ਸਨ। ਮੁਸਲਮਾਨਾਂ ਨੇ ਉਸ ਨੂੰ ਪਵਿੱਤਰ ਰੰਗ ਬਣਾ ਲਿਆ ਸੀ।"

ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਫੈਦ ਬਸਤ੍ਰਧਾਰੀ ਪੰਥ, ਨਿਰਮਲ ਪੰਥ ਦੀ ਨੀਂਹ ਨੂੰ ਹੋਰ ਪਕੇਰਾ ਕਰਨ ਲਈ ਅਤੇ ਪੂਰਬਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਰਲਾਅ ਤੋਂ ਬਚਾਉਣ ਲਈ ਆਪ ਜੀ ਨੇ ਵਰਤਮਾਨ ਗੁਰਦੁਆਰਾ ਰਾਮਸਰ ਦੇ ਸਥਾਨ ਤੇ ਕੁਝ ਸਮਾਂ ਬਿਰਾਜ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਦੀ ਰਚਨਾ ਕੀਤੀ ਸੀ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਲਿਖਿਆ ਹੋਇਆ ਹੈ-

ਗੁਰ ਅਰਜੁਣ ਜਹਿ ਬੈਠ ਕਰ ਬਾਂਧੀ ਬੀੜ ਸੁਗ੍ਰੰਥ।
ਜਹਿ ਪ੍ਰਸਾਦ ਸਭ ਜਗਤ ਮੈਂ, ਚਲ ਹੈ ਨਿਰਮਲ ਪੰਥ।

ਏਥੇ ਹੀ ਬਸ ਨਹੀਂ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਦੀ ਘਟਨਾ ਹੈ ਕਿ ਜਿਥੇ ਅਜ ਕਲ ਗੁਰਦੁਆਰਾ ਸੰਗਰਾਣਾ ਸਾਹਿਬ ਹੈ, ਉਥੇ ਚੱਬੇ ਪਿੰਡ ਦੀ ਇਕ ਮਾਈ ਜਿਸਦਾ ਨਾਮ ਸੁਲਖਣੀ ਸੀ ਉਸ ਨੇ ਸਤਿਗੁਰਾਂ ਕੋਲ ਇਕ ਪੁੱਤਰ ਹੋਣ ਦੀ ਅਰਦਾਸ ਕੀਤੀ ਤਾਂ ਸਤਿਗੁਰੂ ਜੀ ਨੇ ਸਤ ਪੁੱਤਰ ਬਖਸ਼ੇ ਸਨ। ਉਸ ਅਰਦਾਸ ਨੂੰ ਲੋਕ ਗੀਤਾਂ ਵਿੱਚ ਸੰਭਾਲਿਆ ਹੋਇਆ ਹੈ। ਉਸ ਸਮੇਂ ਸਤਿਗੁਰਾਂ ਨੇ ਚਿਟੇ ਬਸਤਰ ਅਤੇ ਚਿਟੀ ਪੱਗ ਪਹਿਨੀ ਹੋਈ ਸੀ ਦਾ ਲੋਕ ਗੀਤਾਂ ਵਿੱਚ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ-

ਸਿਧੀਏ ਦਾੜ੍ਹਏ ਚਿੱਟੀਏ ਪੱਗੇ,
ਮੈਂ ਅਫਲ ਜਾਂਦੀ ਨੂੰ ਇਕਫਲ ਲੱਗੇ।
ਨਾਮ ਸੁਲਖਣੀ ਮੇਰਾ, ਵਸਦੀ ਹਾਂ ਚੱਬੇ।

1699 ਈ. ਵਿੱਚ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਵਿਸਾਖੀ ਦੇ ਦਿਹਾੜੇ ਕੀਤੀ ਅਤੇ ਸਮੂੰਹ ਸਿਖ ਜਗਤ ਨੂੰ ਸ੍ਰੀ ਅਨੰਦਪੁਰ ਸਾਹਿਬ ਬੁਲਾ ਕੇ ਅਨੋਖੀ ਪ੍ਰਿਖਿਆ ਲੈ ਕੇ ਪੰਜ ਪਿਆਰੀਆਂ ਦੀ ਹੋਂਦ ਪ੍ਰਗਟ ਕੀਤੀ। ਸਾਰੀ ਸੰਗਤ ਸਤਿਗੁਰਾਂ ਦੀ ਇਕ ਸਿਰ ਵਾਰ-ਵਾਰ ਮੰਗਣ ਦੀ ਲਲਕਾਰ ਸੁਣ ਕੇ ਘਬਰਾ ਗਈ ਸੀ, ਜਦੋਂ ਪੰਜਾਂ ਪਿਆਰਿਆਂ ਨੂੰ ਚਿੱਟੇ ਬਸਤਰਾਂ ਵਿੱਚ ਸ਼ਸਤਰਧਾਰੀ ਹੋਏ ਵੇਖਿਆ ਤਾਂ ਹੈਰਾਨ ਰਹਿ ਗਈ ਅਤੇ ਸਤਿਗੁਰੂ ਜੀ ਦਾ ਹਰ ਫਰਮਾਨ ਸਿਰ ਮੱਥੇ ਮੰਨਣ ਲਈ ਤਿਆਰ ਹੋ ਗਈ। ਉਸ ਸਮੇਂ ਸਤਿਗੁਰੂ ਜੀ ਅਤੇ ਪੰਜਾਂ ਪਿਆਰਿਆਂ ਨੇ ਚਿਟੇ ਬਸਤਰ ਪਹਿਨੇ ਹੋਏ ਸਨ ਜਿਸਦੀ ਪੁਸ਼ਟੀ ਅਨੇਕ ਇਤਿਹਾਸਕ ਗ੍ਰੰਥਾਂ ਤੋਂ ਹੋ ਜਾਂਦੀ ਹੈ-

ਗਿਆਨੀ ਗਿਆਨ ਸਿੰਘ "ਸ੍ਰੀ ਗੁਰੂ ਪੰਥ ਪ੍ਰਕਾਸ਼" (ਭਾਗ ਤੀਜਾ, ਪੰਨਾ 1574, ਸੰਪਾਦਕ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ) ਵਿੱਚ ਲਿਖਦੇ ਹਨ-

ਯਾਂਹੀ ਤੈ ਸੰਤਤਿ ਇਨਿ ਕੇਰੀ।
ਜਗ ਮੈਂ ਕਹੀ ਨਹੀ ਕਿਨ ਹੇਰੀ।
ਭਾਲ ਜਿਤਿੰਦ੍ਰੇ ਸਾਧੂ ਸਾਚੇ।
ਕੀਨ ਪਯਾਰੇ ਗੁਰੁ ਇਹੁ ਪਾਂਚੇ॥
ਕਿਤਿਕ ਦੂਰ ਨਿਜ ਸਮੁਖ ਥਿਰਾਏ।
ਸ਼ੁਕਲ ਬਸਨ ਸਭਿ ਅੰਗ ਸਜਾਏ॥

ਇਸ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ "ਤਵਾਰੀਖ ਗੁਰੂ ਖਾਲਸਾ" (ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ, ਪੰਨਾ 858) ਵਿੱਚ ਲਿਖਦੇ ਹਨ-

ਸਿੰਘਾਂ ਨੂੰ ਅੰਮ੍ਰਿਤ ਤੇ ਰਚਤ ਉਪਦੇਸ਼

"ਏਸੇ ਕੌਤਕ ਦੀ ਕਥਾ ਕਹਿ ਸੁਣ, ਰਾਤ ਬਿਤਾ, ਅੰਮ੍ਰਿਤ ਵੇਲੇ ਇਸ਼ਨਾਨ ਧਯਾਨ ਕਰ, ਗੁਰੂ ਜੀ ਨੇ ਹੁਕਮ ਦਿੱਤਾ ਯਾਰਾਂ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਤਿਆਰ ਹੋਵੇ ਤੇ ਦੀਵਾਨ ਕੇਸਗੜ੍ਹ ਲਗੇ। ਏਹ ਹੁਕਮ ਮੇਵੜਿਆਂ ਦੁਆਰਾ ਸੁਣ ਕੇ ਸਭ ਸੰਗਤ ਬੜੀ ਖੁਸ਼ੀ ਨਾਲ ਕੇਸਗੜ੍ਹ ਜਾ ਕੱਠੀ ਹੋਈ ਤੇ ਸੋਚਣ ਲਗੀ ਕਿ ਦੇਖੀਏ ਅੱਜ ਗੁਰੂ ਜੀ ਦੀ ਕੁਛ ਦਿਖਾਵਣਗੇ। ਤਦੋਂ ਨੂੰ ਗੁਰੂ ਜੀ ਭੀ ਸੁਫੈਦ ਪੌਸ਼ਾਕ ਧਾਰਨ ਕਰ ਸਨਧਬੱਧ ਸਿੰਘਾਸਨ ਪੁਰ ਆ ਬਿਰਾਜੇ, ਜਿਨ੍ਹਾਂ ਦੇ ਨਾਲ ਪੰਜ ਸੌ ਯੋਧਾ ਇਕ ਤੋਂ ਇਕ ਵਧ ਕੇ ਮੁਛੈਲਾਂ ਗੁਸੈਲਾ ਸ਼ਸਤਰਧਾਰੀ ਸੀ, ਓਹ ਸਭ ਇਕ ਪਾਸੇ ਬੀਰਾਸਨ ਆ ਬੈਠਾ। ਗੁਰੂ ਜੀ ਨੇ ਸਰਬ ਲੋਹ ਦੇ ਬਾਟੇ ਵਿੱਚ ਸਤਲੁਜ ਦਾ ਜਲ ਪਾ ਕੇ ਉਨ੍ਹਾਂ ਪੰਜਾਂ ਪਿਆਰੀਆਂ ਨੂੰ ਕੱਛ, ਕ੍ਰਿਪਾਨਦਾਇਕ ਤੇ ਸੁਫੈਦ ਪੁਸ਼ਾਕੇ ਧਾਰਨ ਕਰਾ, ਆਪਣੇ ਸਨਮੁਖ ਖੜੇ ਕਰ ਹੁਕਮ ਦਿੱਤਾ ਕਿ ਸ੍ਰੀ ਵਾਹਿਗੁਰੂ ਦਾ ਜਪ ਤੇ ਅਕਾਲ ਪੁਰਖ ਦਾ ਧਯਾਨ ਕਰਦੇ ਰਹੋ ਤੇ ਆਪ ਓਸ ਬਾਟੇ ਵਿੱਚ ਸਿੱਧੀ ਧਾਰ ਖੰਡਾ ਫੇਰਦੇ ਅੰਮ੍ਰਿਤ ਤਿਆਰ ਕਰਨ ਲਗੇ।"

ਹੋਰ ਵੀ ਅਨੇਕ ਗ੍ਰੰਥਾਂ ਦੇ ਹਵਾਲੇ ਅੰਕਿਤ ਕੀਤੇ ਜਾ ਸਕਦੇ ਹਨ ਜੋ ਸਾਡੇ ਪੱਖ ਨੂੰ ਪੂਰਦੇ ਹਨ। ਮਹੰਤ ਗਣੇਸ਼ਾ ਸਿੰਘ ਗ੍ਰੰਥ "ਭਾਰਤ ਮੱਤ ਦਰਪਣ" ਵਿੱਚ ਪੰਨਾ 113 ਤੇ ਲਿਖਦੇ ਹਨ-

ਸਤਿਗੁਰੂ ਜੀ ਪਹਿਨ ਪੁਸ਼ਾਕ ਚਿਟੀ
ਆ ਲਾ ਪੰਜ ਹਥਿਆਰ ਆਏ।
ਬੈਠੇ ਵਿੱਚ ਦੀਵਾਨ ਦੀਦਾਰ ਦਿੱਤੇ,
ਲੋਕ ਵੇਖ ਕੇ ਹੋਣ ਬਲਿਹਾਰ ਆਏ।

ਨਿਰਮਲ ਪੰਥ, ਸਫੈਦ ਬਸਤਰਾਂ ਵਾਲੇ ਸਿਖ ਪੰਜ ਪਿਆਰਿਆਂ ਦੀ ਸਾਜਨਾ ਕਰਕੇ ਨਿਰਮਲ ਪੰਥ ਦੀ ਕਾਇਆ ਕਲਪ ਕਰ ਦਿੱਤੀ, ਸਿਖ ਨੂੰ ਅੰਮ੍ਰਿਤ ਛਕਾ ਕੇ ਸ਼ਸਤਰਧਾਰੀ ਕਰਕੇ ਜ਼ਾਲਮ ਦੇ ਜ਼ੁਲਮ ਵਿਰੁੱਧ ਲੜਨ ਲਈ ਤਿਆਰ ਕਰ ਦਿੱਤਾ ਅਤੇ ਫਿਰ ਨਿਰਮਲ ਪੰਥ ਨੂੰ ਖਾਲਸਾ ਪੰਥ ਦਾ ਨਾਮ ਦਿੱਤਾ ਜਿਸਦੇ ਅਰਥ ਇਕੋ ਹੀ ਹਨ ਜਿਵੇਂ ਨਿਰਮਲ ਦਾ ਅਰਥ ਸਫੈਦ ਤੇ ਸ਼ੁਧ ਹੈ ਇਵੇਂ ਹੀ ਖਾਲਸਾ ਸ਼ਬਦ ਦੇ ਅਰਥ ਵੀ ਨਿਰਮਲ ਹੀ ਹੈ। ਸਿਖ ਇਤਿਹਾਸਕਾਰਾਂ ਨੇ ਖਾਲਸਾ ਸ਼ਬਦ ਦੇ ਦੋ ਅਰਥ ਕੀਤੇ ਹਨ- ਪਹਿਲਾ ਅਰਥ ਮਿਲਾਵਟ ਰਹਿਤ, ਨਿਰਮਲ ਤੇ ਸ਼ੁਧ ਹੈ, ਦੂਜਾ ਅਰਥ ਮੁਗਲ ਰਾਜ ਵੇਲੇ ਖਾਲਸਾ ਉਸ ਜ਼ਮੀਨ ਨੂੰ ਕਿਹਾ ਜਾਂਦਾ ਸੀ ਜੋ ਸਿੱਧੇ ਤੌਰ ਤੇ ਰਾਜੇ ਜਾਂ ਬਾਦਸ਼ਾਹ ਦੇ ਅਧੀਨ ਹੋਵੇ। ਭਾਈ ਕਾਹਨ ਸਿੰਘ ਪੁਸਤਕ "ਗੁਰ ਸ਼ਬਦ ਰਤਨਾਕਰ ਮਹਾਨ ਕੋਸ਼" ਵਿੱਚ ਸਫਾ 374 ਤੇ ਲਿਖਦੇ ਹਨ-

ਖਾਲਸਾ- ਸ਼ੁਧ 2. ਬਿਨਾਂ ਮਿਲਾਵਟ, ਨਿਰੋਲ "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ" (ਸੋਰ) 3. ਮੰਗਯਾ- ਉਸ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਦਾਰ ਦਾ ਸਵਤਵ ਨਹੀਂ।

ਇਸ ਤਰ੍ਹਾਂ ਖਾਲਸਾ ਸ਼ਬਦ ਦੇ ਅਰਥਾਂ ਬਾਰੇ ਡਾ. ਗੰਡਾ ਸਿੰਘ ਨੇ ਪੁਸਤਕ "ਹੁਕਮਨਾਮੇ" (ਪ੍ਰਕਾਸ਼ਕ ਪੰਜਾਬੀ

ਯੂਨੀਵਰਸਿਟੀ, ਪਟਿਆਲਾ, ਸਫ਼ਾ 25) ਤੇ ਇਸ ਪ੍ਰਕਾਰ ਲਿਖਿਆ ਹੈ-

**ਖਾਲਸਾ-** ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿੱਚ ਇਹ ਸ਼ਬਦ ਆਮ ਆਉਂਦੇ ਹਨ- 'ਤੁਸੀਂ ਮੇਰਾ ਖਾਲਸਾ ਹੋ', 'ਸੰਗਤ ਮੇਰਾ ਖਾਲਸਾ ਹੈ' ਇਸ ਲਈ ਜਿਨ੍ਹਾਂ ਅਰਥਾਂ ਵਿੱਚ ਇਹ ਸ਼ਬਦ ਇਥੇ ਵਰਤੋਂ ਵਿੱਚ ਆਇਆ ਹੈ ਉਹ ਵਿਸ਼ੇਸ਼ ਸੰਕੇਤਕ ਹੈ। 'ਖਾਲਿਸਾ' ਜਾਂ 'ਖਾਲਸਾ' ਦਾ ਮੂਲ ਖਾਲਿਸ ਹੈ ਜਿਸਦੇ ਅਰਥ ਹਨ- ਨਿਰਮਲ, ਸਾਫ, ਪਵਿੱਤਰ। ਪਰ 'ਖਾਲਸਾ' ਵਿਸ਼ੇਸ਼ ਅਰਥਾਂ ਵਿੱਚ ਮੁਗਲ ਰਾਜ ਵਿੱਚ ਉਸ ਮੁਲਕ ਜਾਂ ਮੁਲਕ ਦੇ ਹਿੱਸੇ ਜਾਂ ਜ਼ਮੀਨਾਂ ਲਈ ਵਰਤਿਆ ਜਾਂਦਾ ਸੀ, ਜਿਨ੍ਹਾਂ ਦਾ ਮਾਲੀਆ ਸਿੱਧਾ ਬਾਦਸ਼ਾਹੀ ਜਾਂ ਸਰਕਾਰੀ ਖਜ਼ਾਨੇ ਵਿੱਚ ਜਾਂਦਾ ਸੀ ਅਤੇ ਕਿਸੇ ਜਾਗੀਰਦਾਰ ਜਾਂ ਜ਼ਿਮੀਦਾਰ ਦਾ ਉਸ ਵਿੱਚ ਕੋਈ ਦਖਲ ਨਹੀਂ ਸੀ ਹੁੰਦਾ। ਇਹਨਾਂ ਵਿਸ਼ੇਸ਼ ਅਰਥਾਂ ਵਿੱਚ ਹੀ ਗੁਰੂ ਜੀ ਨੇ ਇਹ ਸ਼ਬਦ ਵਰਤਿਆ ਹੈ ਜਦ ਤੋਂ ਉਨ੍ਹਾਂ ਨੇ ਮਸੰਦਾਂ ਦੀ ਬਿਚੋਲਗੀਰੀ ਉਡਾ ਕੇ ਸਿਖ ਸੰਗਤਾਂ ਅਤੇ ਉਨ੍ਹਾਂ ਦੇ ਮੁਖੀਆਂ ਨਾਲ ਆਪਣਾ ਸਿੱਧਾ ਸੰਬੰਧ ਜੋੜ ਲਿਆ। ਇਸ ਲਈ ਉਸ ਸਭ ਸਿਖ ਅਤੇ ਸੰਗਤਾਂ ਗੁਰੂ ਜੀ ਦਾ 'ਖਾਲਸਾ' ਹੋ ਗਏ।

ਵਰਤਮਾਨ ਸਾਰੇ ਇਤਿਹਾਸਕਾਰ ਇਕ ਮੱਤ ਹਨ ਕਿ 1699 ਈ ਤੋਂ ਬਾਅਦ ਸਾਰਾ ਨਿਰਮਲ ਪੰਥ ਅੰਮ੍ਰਿਤਧਾਰੀ ਹੋ ਗਿਆ ਸੀ ਅਤੇ ਨਿਰਪੱਖ ਹੋ ਕੇ ਸਿਖ ਇਤਿਹਾਸ ਦੇ ਮੁਢਲੇ ਸਰੋਤਾਂ ਦੀ ਘੋਖ ਕਰੀਏ ਅਤੇ ਵੀਚਾਰੀਏ ਤਾਂ ਸਾਫ ਸਿਧ ਹੋ ਜਾਂਦਾ ਹੈ ਕਿ 1699 ਈ ਤੋਂ ਬਾਅਦ ਸਿਖ ਪੰਥ ਦੋ ਵਰਗਾਂ ਵਿੱਚ ਵੰਡਿਆ ਗਿਆ ਸੀ ਜੋ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਂਦਾ, ਉਹ ਸਿੰਘ ਕਹਾਉਂਦਾ ਸੀ ਅਤੇ ਜੋ ਪ੍ਰਾਣੀ ਅੰਮ੍ਰਿਤ ਨਹੀਂ ਛਕਦਾ ਪ੍ਰੰਤੂ ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਖਿਆਵਾਂ ਤੇ ਅਮਲ ਕਰਦਾ ਉਹ ਸਹਿਜਧਾਰੀ ਸਿਖ ਕਹਾਉਣ ਦਾ ਦਰਜਾ ਰਖਦਾ ਹੈ। ਦਸਮ ਪਾਤਸ਼ਾਹ ਜੀ ਨੇ ਅੰਮ੍ਰਿਤਧਾਰੀ ਸਿਖ ਅਤੇ ਸਹਿਜਧਾਰੀ ਸਿਖ ਦੋਹਾਂ ਨੂੰ ਖਾਲਸੇ ਦੀ ਪਦਵੀ ਬਖਸ਼ੀ ਸੀ, ਪਤਾ ਨਹੀਂ ਕਿਉਂ ਅੱਜ ਸਿਖ ਪ੍ਰਚਾਰਕ ਅਤੇ ਚਿੰਤਕ ਸਹਿਜਧਾਰੀ ਸਿਖ ਦੀ ਹੋਂਦ ਤੋਂ ਮੁਨਕਰ ਹੋ ਰਹੇ ਹਨ? ਡਾਕਟਰ ਗੰਡਾ ਸਿੰਘ ਦੁਆਰਾ ਸੰਪਾਦਿਤ ਕੀਤੀ ਪੁਸਤਕ "ਹੁਕਮਨਾਮੇ" ਵਿੱਚ ਹੁਕਮਨਾਮਾ ਨੰਬਰ 54 ਦੇਖਿਆ ਜਾ ਸਕਦਾ ਹੈ ਜੋ ਸਾਡੇ ਮਤ ਦੀ ਪੁਸ਼ਟੀ ਕਰਦਾ ਹੈ ਜੋ ਦਸਮ ਗੁਰੂ ਜੀ ਨੇ ਫਗਣ 10 ਸੰਮਤ 1758 ਬਿ: (6 ਫਰਵਰੀ 1702 ਈ.) ਨੂੰ ਲਿਖਿਆ ਸੀ ਜਿਸ ਵਿੱਚ ਉਹਨਾਂ ਨੇ ਭਾਈ ਮਿਹਰਚੰਦ ਪੇਸ਼ਕਾਰ ਨੂੰ ਖਾਲਸੇ ਦੀ ਪਦਵੀ ਦਿੱਤੀ ਹੈ, ਹੁਕਮਨਾਮੇ ਦੀ ਇਬਾਰਤ ਦੇਖੋ-

ਫਗਣ 10 ਸੰਮਤ ਸੰਮਤ 1758 ਬਿ:
6 ਫਰਵਰੀ 1702 ਈ.
ਗੁਰੂ ਜੀ ਦਾ ਨਿਸ਼ਾਨ ਅਤੇ ਲਿਖਤ

**ੴ ਸਤਿ ਗੁਰੂ ਜੀਉ**

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰਚੰਦੁ ਪੇਸ਼ਕਾਰ ਖੁਫੀਏ ਨਵੀ ਕਾ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਰੁਪਯੇ 25 ਪੰਜੀ ਫੁਰਮਾਇਸ ਲਿਖੀ ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ ਮਸੰਦ ਅਰੁ ਮਸੰਦੀਏ ਨੋ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋ ਵੈ ਸੋ ਹਜ਼ੂਰਿ ਪਹੁਚਾਵਣਾ ਨਿਹਾਲੁ ਹੋਵਉਗੇ, ਜੋ ਸਿਖੁ ਮਿਲੈ ਸੋ ਮੇਲ ਲੈਵਣਾ ਮੇਰੀ ਖੁਸੀ ਹੈ ਦਿਕਤਿ ਨਾਹੀ ਕਰਣੀ ਅਰੁ ਹਥੀ ਆਰ ਬੰਨ ਕੈ ਦਰਸਨਿ ਆਵਣਾ ਜੋ ਸਿਖ ਦਰਸਨ ਆਵਗੁ ਤਿਸ ਦੀ ਘਾਲ ਥਾਇ ਪਵੈਗੀ। ਮਿਤੀ ਫਾਗੋ 10 ਸੰਮਤੁ 1758 ਸਤਰਾਂ 9

ਉਪਰੋਕਤ ਹੁਕਮਨਾਮੇ ਵਿੱਚ ਭਾਈ ਮਿਹਰਚੰਦ ਜੋ ਫਗਣ 1758 ਬਿ: (1702 ਈ.) ਭਾਵ ਖਾਲਸੇ ਦੀ ਸਿਰਜਣਾ ਤੋਂ ਦੋ ਸਾਲ ਬਾਅਦ ਤੱਕ ਵੀ ਭਾਈ ਮਿਹਰਚੰਦ ਤੋਂ ਭਾਈ ਮਿਹਰ ਸਿੰਘ ਨਹੀਂ ਬਣਿਆ ਭਾਵ ਅੰਮ੍ਰਿਤਧਾਰੀ ਨਹੀਂ ਹੋਇਆ, ਹੋ ਸਕਦਾ ਹੈ ਕਿ ਉਹ ਕੇਸਾਧਾਰੀ ਵੀ ਨਾ ਹੋਵੇ, ਕਿਉਂਕਿ ਨਾਮ ਮਿਹਰਚੰਦ ਜੋ ਹੈ, ਉਹ ਉਨ੍ਹਾਂ ਦੇ ਮੋਨਾ ਭਾਵ ਕੇਸਾਧਾਰੀ ਨਾ ਹੋਣ ਦੀ ਗਵਾਹੀ ਭਰਦਾ ਹੈ। ਪ੍ਰੰਤੂ ਉਨ੍ਹਾਂ ਦਾ ਇਤਕਾਦ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਵਿੱਚ ਹੈ, ਉਹ ਨਿਰਮਲ ਪੰਥ ਦਾ ਇਕ ਅੰਗ ਹੈ, ਇਸ ਲਈ ਸਤਿਗੁਰੂ ਜੀ ਉਸ ਨੂੰ 'ਮੇਰਾ ਖਾਲਸਾ ਹੈ' ਲਿਖਕੇ ਸਨਮਾਨ ਦੇ ਰਹੇ ਹਨ ਅਤੇ ਉਸ ਸਹਿਜਧਾਰੀ ਸਿਖ ਨੂੰ ਖਾਲਸਾ ਪੰਥ ਦਾ ਅੰਗ ਦਸ ਰਹੇ ਹਨ।

ਦਸ ਗੁਰੂ ਸਾਹਿਬਾਨ ਦੇ ਸਮੇਂ ਨਿਰਮਲ ਪੰਥ ਦੀਆਂ ਅਨੇਕ ਸ਼ਾਖਾਵਾਂ ਬਣੀਆਂ। ਜਿਨ੍ਹਾਂ ਨੂੰ ਸੰਪ੍ਰਦਾਵਾਂ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਦਸਮ ਪਾਤਸ਼ਾਹ ਜੀ ਦੇ ਸਮੇਂ ਬ੍ਰਹਮ ਗਿਆਨੀ ਭਾਈ ਘਨਈਆ ਜੀ ਤੋਂ ਸੇਵਾ ਪੰਥੀ ਸੰਪ੍ਰਦਾਇ ਚਲੀ, ਫਿਰ ਉਸ ਸੰਪ੍ਰਦਾਇ ਵਿਚੋਂ ਮਹਾਂਪੁਰਸ਼ ਭਾਈ ਅਡਣ ਸ਼ਾਹ ਜੀ ਹੋਏ ਹਨ ਜਿਨ੍ਹਾਂ ਦੇ ਸੇਵਕ ਅਡਣ ਸ਼ਾਹੀ ਸੰਤ ਕਹਾਉਂਦੇ ਹਨ। ਵਰਤਮਾਨ ਸਮੇਂ ਪੰਜਾਬ ਤੇ ਸਮੁਚੇ ਦੇਸ਼ ਵਿੱਚ ਉਨ੍ਹਾਂ ਦੇ ਟਿਕਾਣੇ (ਪ੍ਰਚਾਰ ਕੇਂਦਰ) ਹਨ। ਉਹ ਸਾਰੇ ਸੰਤ ਸਫੈਦ ਕਪੜੇ, ਗੋਲ ਪੱਗ ਭਾਵ

ਗੁਰਮੁਖੀ ਦਸਤਾਰਾ ਸਜਾਉਂਦੇ ਹਨ, ਉਨ੍ਹਾਂ ਵਿੱਚ ਸਹਿਜਧਾਰੀ ਭਾਵ ਮੋਨੇ ਅਤੇ ਅੰਮ੍ਰਿਤਧਾਰੀ ਦੋਹਾਂ ਤਰ੍ਹਾਂ ਦੇ ਸੰਤ ਅਤੇ ਡੇਰਿਆਂ ਦੇ ਮਹੰਤ ਸ਼ਾਮਲ ਹਨ, ਦੋਹਾਂ ਵਰਗਾਂ ਨੂੰ ਇਕੋ ਜਿਹੀ ਮਾਨਤਾ ਮਿਲੀ ਹੋਈ ਹੈ। ਵਰਤਮਾਨ ਸਮੇਂ ਵਿੱਚ ਉਸ ਸੰਪ੍ਰਦਾਇ ਦੇ ਮਹਾਂ ਪੁਰਸ਼ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਜ਼ਿਲਾ ਬਠਿੰਡਾ ਵਾਲੇ ਦੇਸ਼ ਬਿਦੇਸ਼ ਜਾ ਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦੇ ਸਫੈਦ ਬਸਤਰਾਂ ਦੇ ਧਾਰਨੀ ਹੋਣ ਬਾਰੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਪੁਸਤਕ "ਨਿਰਮਲ ਪੰਥ ਬੋਧ" ਸਫਾ 1065 ਤੇ ਲਿਖਦੇ ਹਨ-

"ਸੇਵਾ ਪੰਥੀ ਸੰਤ ਦੋ ਤਰ੍ਹਾਂ ਦੇ ਪ੍ਰਸਿਧ ਹਨ, ਅੰਮ੍ਰਿਤਧਾਰੀ ਅਤੇ ਚਰਨ ਪਹੁਲ ਧਾਰੀ। ਦੋਨੋਂ ਸਫੈਦ ਵਸਤਰ ਪਹਿਨਦੇ ਹਨ। ਸੰਪ੍ਰਦਾਇ ਵਿੱਚ ਦੋਨਾਂ ਦਾ ਸਤਿਕਾਰ ਇਕੋ ਜੇਹਾ ਹੈ ਦੋਨੋਂ ਤਰ੍ਹਾਂ ਦੇ ਮਹਾਂਪੁਰਖ ਅਕਹਿ ਸੇਵਾ-ਸਿਮਰਨ ਕਰਦੇ ਹਨ। ਦੋਨੋਂ ਗੁਰਮਤਿ, ਗੁਰੂ ਘਰ, ਗੁਰਬਾਣੀ ਵਿੱਚ ਉਲੇਖਨੀਯ ਸ਼ਰਧਾ ਰਖਦੇ ਹਨ। ਦੋਨੋਂ ਨਿਮਰਤਾ ਦੇ ਪੁੰਜ ਹੁੰਦੇ ਹਨ।

ਏਸੇ ਤਰ੍ਹਾਂ ਨਿਰਮਲ ਪੰਥ ਦੀ ਇਕ ਹੋਰ ਸੰਪ੍ਰਦਾਇ ਹੈ, ਨਿਰਮਲ ਸੰਪ੍ਰਦਾਇ, ਚਾਹੇ ਨਿਰਮਲੇ ਵਿਦਵਾਨ ਸੰਤ ਉਸ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਮੰਨਦੇ ਹਨ ਪ੍ਰੰਤੂ ਦਸਮ ਗੁਰੂ ਜੀ ਨੇ 1686 ਈ. ਵਿੱਚ ਪੰਜ ਸਿਖਾਂ ਨੂੰ ਬਨਾਰਸ ਸੰਸਕ੍ਰਿਤ ਵਿਦਿਆ ਹਾਸਲ ਕਰਨ ਲਈ ਭੇਜਿਆ ਜਿਹਨਾਂ ਤੋਂ ਨਿਯਮਤ ਰੂਪ ਵਿੱਚ ਨਿਰਮਲ ਸੰਪ੍ਰਦਾਇ ਅਰੰਭ ਹੋਈ। ਚਾਹੇ ਨਿਰਮਲੇ ਸੰਤ ਕਖਾਈ ਅਰਥਾਤ ਭਗਵੇਂ ਕਪੜੇ ਪਹਿਨਦੇ ਹਨ ਪ੍ਰੰਤੂ ਬਹੁਤ ਸਾਰੇ ਸਫੈਦ ਕਪੜੇ ਧਾਰਨ ਕਰਦੇ ਹਨ। ਮਾਲਵੇ ਦੇ ਸਾਰੇ ਨਿਰਮਲੇ ਸੰਤ ਸਫੈਦ ਬਸਤਰ ਧਾਰਨ ਕਰਦੇ ਰਹੇ ਹਨ। ਉਦਾਹਰਣ ਵਜੋਂ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਅਤੇ ਉਹ ਸਾਰੀ ਸੰਪ੍ਰਦਾਇ ਦੇ ਸਾਰੇ ਸੰਤ ਸਫੈਦ ਬਸਤਰ ਧਾਰਨ ਕਰਦੇ ਹਨ। ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਸੰਤ ਈਸ਼ਰ ਸਿੰਘ ਕਲੇਰਾਂ ਵਾਲੇ ਅਤੇ ਉਸ ਸੰਪ੍ਰਦਾਇ ਦੇ ਸਾਰੇ ਸੰਤ ਸਫੈਦ ਬਸਤਰ ਧਾਰਨ ਕਰਦੇ ਰਹੇ ਅਤੇ ਅੱਜ ਵੀ ਸਫੈਦ ਬਸਤਰ ਹੀ ਧਾਰਨ ਕਰਦੇ ਹਨ। ਸੰਤ ਅਤਰ ਸਿੰਘ ਮਸਤੂਆਣਾ, ਸੰਤ ਅਤਰ ਸਿੰਘ ਰੇਰੂ ਸਾਹਿਬ, ਸੰਤ ਅਤਰ ਸਿੰਘ ਘੁੰਨਸਾਂ ਵਾਲੇ ਅਤੇ ਸੰਤ ਗੁਰਚਰਨ ਸਿੰਘ ਭਿੰਡਰਾਂਵਾਲੇ ਆਦਿਕ ਮਹਾਂਪੁਰਸ਼ ਸਫੈਦ ਬਸਤਰ ਹੀ ਧਾਰਨ ਕਰਿਆ ਕਰਦੇ ਸਨ। ਨਿਰਮਲੇ ਸੰਤਾਂ ਦੇ ਬਸਤਰਾਂ ਬਾਰੇ ਮਹੰਤ ਗਣੇਸ਼ਾ ਸਿੰਘ ਪੁਸਤਕ "ਇਤਿਹਾਸ ਨਿਰਮਲ ਭੇਖ" ਵਿੱਚ ਪੰਨਾ 60 ਤੇ ਲਿਖਦੇ ਹਨ-

"ਨਿਰਮਲੇ ਪੰਥ ਵਿੱਚ ਕਖਾਏ ਮੰਜੀਠੀ, ਸੰਧੂਰੀ, ਗੇਰੂਏ ਤੇ ਸਫੈਦ ਬਸਤਰਾ ਓਢਣੇ ਤੇ ਕਪੀਨ ਪੌਣ ਦਾ ਰਿਵਾਜ ਹੈ, ਨੀਲੇ ਨਹੀਂ ਪਹਿਨਦੇ-

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਾਰੇ ਨਿਰਮਲ ਪੰਥ ਭਾਵ ਸਿਖਾਂ ਵਿੱਚ ਸਫੈਦ ਬਸਤਰ ਪਹਿਨਣ ਦੀ ਪਰੰਪਰਾ ਸੀ ਤਾਂ ਫਿਰ ਨੀਲੇ ਬਸਤਰ ਪਹਿਨਣ ਦਾ ਕਦੋਂ ਰਿਵਾਜ ਪਿਆ? ਇਤਿਹਾਸ ਗਵਾਹ ਹੈ ਕਿ ਜਦੋਂ 1705 ਈ. ਵਿੱਚ ਦਸਮ ਪਾਤਸ਼ਾਹ ਜੀ ਨੇ ਅਨੰਦਪੁਰ ਸਾਹਿਬ ਨੂੰ ਛਡਿਆ ਸੀ ਤਾਂ ਆਪ ਜੀ ਮਾਲਵੇ ਦੀ ਧਰਤੀ ਤੇ ਵਿਚਰਦੇ ਹੋਏ ਚਮਕੌਰ ਸਾਹਿਬ ਪਹੁੰਚੇ ਅਤੇ ਇਤਿਹਾਸਕ ਜੰਗ ਲੜੀ। ਉਥੋਂ ਉਚ ਦੇ ਪੀਰ ਬਣ ਕੇ ਨੀਲੇ ਰੰਗ ਦੇ ਬਸਤਰ ਪਹਿਨ ਕੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਅਤੇ ਦੋ ਪਠਾਣ ਭਰਾਵਾਂ ਨਾਲ ਪਲੰਘ ਤੇ ਬਿਰਾਜ ਕੇ ਮਾਛੀਵਾੜੇ ਤੋਂ ਆਲਮਗੀਰ ਅਤੇ ਫਿਰ ਪ੍ਰਿਥੀ ਚੰਦ ਦੇ ਅੰਸ਼ ਬੰਸ਼ ਸੋਢੀ ਕੌਲ ਜੀ ਕੋਲ ਪਹੁੰਚੇ ਅਤੇ ਨੀਲੇ ਬਸਤਰਾਂ ਨੂੰ ਲੀਰ-ਲੀਰ ਕਰਕੇ ਅੰਗੀਠੇ ਵਿੱਚ ਪਾ ਕੇ ਸਾੜ ਦਿੱਤਾ ਅਤੇ ਇਕ ਲੀਰ ਮਾਨ ਸਿੰਘ ਨੂੰ ਬਖਸ਼ ਦਿਤੀ। ਗਿਆਨੀ ਗਿਆਨ ਸਿੰਘ ਜੀ ਪੁਸਤਕ 'ਪੰਥ ਪ੍ਰਕਾਸ਼' ਤੀਜੀ ਐਡੀਸ਼ਨ, ਪੰਨਾ 217 ਤੇ ਲਿਖਦੇ ਹਨ-

ਸਨੈ ਸਨੈ ਗੁਰੂ ਬਿਚਰਤ ਤਬੈ।
ਗਾਂਵ ਢਿਲਵੀ ਪਹੁੰਚੇ ਜਬੈ।
ਸੋਢੀ ਕੌਲ ਮਿਲਿਯੋ ਤਿਹ ਆਈ।
ਨੈਨਨ ਜਲ ਭਰ ਬੈਨਨ ਐਹਿਬ।
ਸੁਣ ਹਵਾਲ ਗੁਰ ਜਾਦਿਉਂ ਕੇਰਾ।
ਭਇਓ ਤਾਹਿ ਉਮਰਾਉ ਵਧੇਰਾ।
ਧਰ ਧੀਰਜ ਸਭ ਸੇਵ ਕਮਾਈ।
ਸੋਢੀ ਸੁਕਲ ਪੌਸ਼ਾਕ ਉਢਾਈ।
ਨੀਲ ਬਸਤ੍ਰ ਗੁਰ ਮਧ ਅੰਗੀਠੈ।
ਸਤਿਗੁਰ ਫਾਰ ਜਰਾਏ ਨੀਨੈ।
ਏਕ ਲੀਰ ਕਬਜੇ ਸੰਗ ਬਾਧੀ।
ਤਿਹ ਤੈ ਮਾਨ ਸਿੰਘ ਕੋ ਲਾਧੀ।
ਜਬ ਨੀਲਾਂਬਰ ਫਾਰ ਜਰਾਏ।
ਬਾਰ-ਬਾਰ ਏਹ ਸ਼ਬਦ ਸੁਣਾਏ।
ਨੀਲ ਬਸਤਰ ਲੈ ਕਪੜੇ ਫਾੜੇ।
ਤੁਰਕ ਪਠਾਣੀ ਅਮਲ ਗਿਆ।

**ਚਲਦਾ....**

# ਅਸਾਵੀਂ ਜੰਗ: ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

**ਜਨਾਬ ਬਸ਼ੀਰ ਮੁਹੰਮਦ**

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਮੁਗ਼ਲਾਂ ਨਾਲ ਟੱਕਰ ਲੈਂਦੇ ਸਰਸਾ ਨਦੀ ਪਾਰ ਕਰਕੇ ਰੋਪੜ ਵਿਚਦੀ ਹੁੰਦੇ ਹੋਏ ਗੁੱਜਰਾਂ ਤੇ ਰੰਘੜਾਂ ਨਾਲ ਕੁਝ ਝੜਪਾਂ ਹੋਣ ਤੋਂ ਬਾਅਦ ਗੁਰੂ ਜੀ, ਦੋਨੋਂ ਸਾਹਿਬਜ਼ਾਦੇ ਤੇ ਸਿੰਘ ਚਮਕੌਰ ਸਾਹਿਬ ਵਿਖੇ ਆ ਗਏ। ਉਥੇ ਆਂ ਕੇ ਗੁਰੂ ਜੀ ਨੇ ਚੌਧਰੀ ਰਾਜਪੂਤਾਂ ਦੀ ਹਵੇਲੀ ਵਿਚ ਚਲੇ ਗਏ। ਗੁਰੂ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ ਹਵੇਲੀ ਅੰਦਰ ਮੋਰਚਾਬੰਦੀ ਕਰ ਦਿੱਤੀ। ਚਮਕੌਰ ਦੀ ਸੰਗਤ ਨੂੰ ਗੁਰੂ ਜੀ ਬਾਰੇ ਪਤਾ ਲੱਗਿਆ। ਸਮਾਂ ਨਾਜ਼ੁਕ ਸੀ। ਸੰਗਤ ਨੂੰ ਜਿੰਨੀ ਕੁ ਸੇਵਾ ਕਰਨ ਦਾ ਮੌਕਾ ਮਿਲਿਆ ਸੇਵਾ ਕੀਤੀ। ਸ਼ਾਹੀ ਫ਼ੌਜ ਗੁਰੂ ਜੀ ਦਾ ਪਿੱਛਾ ਕਰਦੀ ਆ ਰਹੀ ਸੀ। ਪਰ ਵਜ਼ੀਰ ਖਾਂ ਸਰਹਿੰਦ ਤੋਂ ਪਹਿਲਾਂ ਦਿੱਲੀ ਵੱਲੋਂ ਆਈ ਫੌਜ ਨੇ ਹਵੇਲੀ ਨੂੰ ਘੇਰਾ ਪਾ ਲਿਆ, ਜਿਸ ਦੀ ਕਮਾਨ ਮਲੇਰਕੋਟਲੇ ਦਾ ਨਾਹਰ ਖਾਂ ਕਰ ਰਿਹਾ ਸੀ। ਥੋੜ੍ਹੇ ਸਮੇਂ ਪਿੱਛੋਂ ਵਜ਼ੀਰ ਖਾਂ ਸਰਹਿੰਦ ਸੂਬੇਦਾਰ ਆਪਣੇ ਚੋਟੀ ਦੇ ਜਵਾਨ ਸਰਸਾ ਨਦੀ 'ਤੇ ਮਰਵਾ ਕੇ ਰਹਿੰਦ-ਖੂੰਹਦ ਲੈ ਕੇ ਆ ਰਲਿਆ। ਓਧਰ ਗੁਰੂ ਜੀ ਦੀ ਪਾਰਖੂ ਅੱਖ ਨੇ ਪਹਿਚਾਣ ਲਿਆ ਕਿ ਜੰਗ ਸਵੇਰੇ ਹੋਵੇਗੀ। ਰਾਤੋ-ਰਾਤ ਸ਼ਾਹੀ ਫ਼ੌਜ ਹੋਰ ਆ ਗਈ। ਹਵੇਲੀ ਅੰਦਰ ਅੱਲਾ ਦੇ ਦੂਤ ਬੇਫ਼ਿਕਰ ਚੜ੍ਹਦੀ ਕਲਾ ਵਿਚ ਬੈਠੇ ਸਨ। ਗੁਰੂ ਜੀ ਸਿੰਘਾਂ ਕੋਲ ਜਾਂਦੇ ਲੱਖਾਂ ਖੁਸ਼ੀਆਂ ਬਖ਼ਸ਼ਿਸ਼ ਕਰਦੇ, ਸਿੰਘਾਂ ਵੱਲ ਪਿਆਰ ਭਰੀਆਂ ਨਜ਼ਰਾਂ ਨਾਲ ਵੇਖਦੇ ਅੱਗੇ ਸਾਹਿਬਜ਼ਾਦਿਆਂ ਕੋਲ ਚਲੇ ਗਏ, ਦੋਨੋਂ ਵੀਰ ਮਿੱਟੀ ਨਾਲ ਲਿੱਬੜੀਆਂ ਪੁਸ਼ਾਕਾਂ, ਇਕ ਦੂਜੇ ਵੱਲ ਮੂੰਹ ਕਰਕੇ ਸੁੱਤੇ ਪਏ ਸੀ। ਗੁਰੂ ਜੀ ਨੇ ਸਾਹਿਬਜ਼ਾਦਿਆਂ ਦੇ ਵਾਲਾਂ 'ਚ ਹੱਥ ਫੇਰਿਆ, ਮੂੰਹ ਚੁੰਮਿਆ ਸੋਚਣ ਲੱਗੇ, ਮੇਰੇ ਲਾਲੋ! ਤੁਸੀਂ ਕੱਲ੍ਹ ਤਕ ਨਹੀਂ ਰਹਿਣਾ, ਪਰ ਵੈਰਾਗ ਨਹੀਂ ਕੀਤਾ ਅਕਾਲ-ਪੁਰਖ ਦਾ ਭਾਣਾ ਮੰਨਿਆ। ਦੁੱਖਾਂ ਦੇ ਪਹਾੜ ਟੁੱਟ ਗਏ, ਛੋਟੇ ਸਾਹਿਬਜ਼ਾਦੇ, ਮਾਤਾ ਜੀ ਅਤੇ ਜਾਨ ਤੋਂ ਪਿਆਰੇ ਸਿੰਘ ਵਿੱਛੜ ਗਏ ਪਰ ਸਤਿਗੁਰੂ ਨਾ ਡੋਲੇ, ਨਾ ਘਬਰਾਏ ਸਭ ਦੁੱਖ-ਸੁੱਖ ਵਾਹਿਗੁਰੂ ਦਾ ਮੰਨਦੇ। ਦਿਨ ਚੜ੍ਹਿਆ ਸਿੰਘਾਂ ਨੇ ਨਾਮ-ਸਿਮਰਨ ਤੋਂ ਬਾਅਦ ਪੁਜ਼ੀਸ਼ਨਾਂ ਸੰਭਾਲ ਲਈਆਂ, ਉਧਰ ਮੁਗ਼ਲ ਕਮਾਂਡਰ ਮੀਟਿੰਗਾਂ ਕਰਨ ਲੱਗੇ, ਸੂਬੇਦਾਰ ਵਜ਼ੀਰ ਖਾਂ ਕਹਿ ਰਿਹਾ ਸੀ ਅਸੀਂ ਸਾਰੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਨਾ ਹੈ ਕਿਸੇ ਨੂੰ ਮਾਰਨਾ ਨਹੀਂ ਜਿਉਂਦਿਆਂ ਨੂੰ ਫੜਨਾ ਹੈ। ਹਵੇਲੀ ਨੂੰ ਤਿੰਨ ਪਾਸਿਆਂ ਤੋਂ ਘੇਰ ਲਉ। ਸ਼ਾਹੀ ਜਵਾਨ ਕਾਫਲਿਆਂ ਦੇ ਰੂਪ ਵਿਚ ਹਵੇਲੀ ਦੇ ਨੇੜੇ ਲੱਗੇ, ਸ਼ੇਰਾਂ ਨੂੰ ਵੰਗਾਰਨਾ ਅੱਗ ਦੇ ਭਾਂਬੜ ਵਿਚ ਡਿੱਗਣ ਦੇ ਬਰਾਬਰ ਹੈ। ਗੁਰੂ ਜੀ ਨੇ ਜੈਕਾਰਾ ਲਾਇਆ। ਸਿੰਘਾਂ ਨੇ ਅਕਾਲ ਸਹਾਏ ਕਹਿ ਕੇ ਤੀਰਾਂ ਦੀ ਵਰਖਾ ਕਰ ਦਿੱਤੀ, ਤੀਰਾਂ ਨੂੰ ਪਾਣ ਜ਼ਿਹਰਲੀ ਸੀ ਜਿਸ ਦੇ ਤੀਰ ਲੱਗਦਾ ਬੋਲਣ ਦੀ ਵੀ ਗੁੰਜ਼ਾਇਸ਼ ਨਾ ਰਹਿੰਦੀ। ਇਕ ਤੀਰ ਕਈਆਂ ਨੂੰ ਪਾਰ ਬੁਲਾ ਜਾਂਦਾ। ਤੀਰ ਦੁਸ਼ਮਣਾਂ ਦੀਆਂ ਹਿੱਕਾਂ ਬਿੰਨ੍ਹਣ ਲੱਗੇ, ਜੋ ਫੌਲਾਦੀ ਕੰਧ ਵਾਂਗ ਡਟੇ ਆ ਰਹੇ ਸੀ, ਉਹ ਰੇਤ ਦੀ ਕੰਧ ਵਾਂਗ ਥਾਂ 'ਤੇ ਹੀ ਬਹਿ ਗਏ। ਲੋਥਾਂ ਹੀ ਲੋਥਾਂ ਹੋ ਗਈਆਂ। ਮੁਗ਼ਲ ਡਰ ਗਏ। ਲੋਥਾਂ ਤੇ ਜ਼ਖਮੀਆਂ ਨੂੰ ਥਾਂ 'ਤੇ ਹੀ ਛੱਡ ਗਏ। ਪਿੱਛੇ ਹੱਟ ਗਏ, ਕਮਾਂਡਰਾਂ ਨੂੰ ਹੱਥਾਂ ਦੀਆਂ ਪੈ ਗਈਆਂ। ਮੁਗ਼ਲਾਂ ਨੇ ਕੁਝ ਸਮਾਂ ਰੁਕਣ ਤੋਂ ਬਾਅਦ ਪੈਂਤੜਾ ਬਦਲ ਦਿੱਤਾ। ਵੱਡੀਆਂ ਪੌੜੀਆਂ ਹਵੇਲੀ ਨੂੰ ਲਾ ਦਿੱਤੀਆਂ ਤਾਂ ਕਿ ਅੰਦਰ ਜਾ ਕੇ ਸਿੰਘਾਂ ਨੂੰ ਫੜਿਆ ਜਾ ਸਕੇ। ਪਰ ਸਿੰਘ ਸ਼ੇਰਾਂ ਦੇ ਦਰਸ਼ਨ ਕੌਣ ਕਰਦਾ? ਕੋਈ ਜਾਣ ਲਈ ਤਿਆਰ ਨਾ ਹੋਇਆ। ਇਕ ਸਿਪਾਹੀ ਕਹਿੰਦਾ ਬੇਸ਼ੱਕ ਮੈਨੂੰ ਘਰ ਨੂੰ ਤੋਰ ਦੇਵੋ ਪਰ ਮੈਂ ਤਾਂ ਸਿੰਘਾਂ ਕੋਲ ਨਹੀਂ ਜਾ ਸਕਦਾ, ਨਾ ਹੀ ਕੰਧ ਢਾਹ ਸਕਦਾਂ। ਅਖੀਰ ਨਾਹਰ ਖਾਂ ਮਲੇਰਕੋਟਲੇ ਵਾਲਾ ਗੁੱਸਾ ਖਾ ਕੇ ਪੌੜੀ ਜਾ ਚੜ੍ਹਿਆ, ਜਦੋਂ ਅੱਧ 'ਚ ਗਿਆ ਤਾਂ ਗੁਰੂ ਜੀ ਦੀ ਨਜ਼ਰ ਪਈ ਤਾਂ ਸ਼ਹਿਨਸ਼ਾਹ ਸਤਿਗੁਰਾਂ ਨੇ ਇਕ ਤੀਰ ਦੀ ਬਖਸ਼ਿਸ਼ ਨਾਹਰ ਖਾਂ ਨੂੰ ਕਰ ਦਿੱਤੀ। ਉਹ ਡੰਡਿਆਂ ਵਿਚ ਲੱਗਦਾ ਥੱਲੇ ਧੜੱਮ ਕਰਕੇ ਡਿੱਗ ਪਿਆ। ਇਸ ਦੇ ਨਾਲ ਹੀ ਥੱਲ੍ਹੇ ਖੜ੍ਹੇ ਨਾਇਕ ਖੁਆਜਾ ਮੁਹੰਮਦ ਨੂੰ ਵੀ ਤੀਰ ਨਾਲ ਮਾਰ ਦਿੱਤਾ ਇਸ ਨਾਲ ਮੁਗ਼ਲਾਂ ਵਿਚ ਸਹਿਮ ਪੈ ਗਿਆ। ਦੋ ਚੋਟੀ ਦੇ ਕਮਾਂਡਰ ਮਰ ਗਏ ਪਰ ਸੂਬੇਦਾਰ ਦੇ ਸਖ਼ਤ ਹੁਕਮ ਕਾਰਨ ਇਕ ਹੋਰ ਕਮਾਂਡਰ ਗ਼ੈਰਤ ਖਾਂ ਆਪਣੀ ਫੌਜ ਦੀ ਗ਼ੈਰਤ ਲਈ ਹਜ਼ਾਰ ਸ਼ਾਹੀ ਜਵਾਨਾਂ ਨੂੰ ਨਾਲ ਲੈ ਕੇ ਇਹ ਮਾਣਮੱਤਾ ਗੱਭਰੂ ਹਵੇਲੀ ਨੇੜੇ ਲੱਗਿਆ ਤਾਂ ਸਿੰਘਾਂ ਨੇ ਤੀਰਾਂ ਨਾਲ ਕਿਸੇ ਨੂੰ ਗੇਟ ਨੇੜੇ ਨਹੀਂ ਲੱਗਣ ਦਿੱਤਾ। ਗ਼ੈਰਤ ਖਾਂ ਹੱਲਾਸ਼ੇਰੀ ਦੇ ਰਿਹਾ ਸੀ ਤਾਂ ਗੁਰੂ ਜੀ ਨੇ ਗ਼ੈਰਤ ਦਾ ਇਕ ਤੀਰ ਗ਼ੈਰਤ ਖਾਂ ਨੂੰ ਵੀ ਬਖ਼ਸ਼ ਦਿੱਤਾ। ਗ਼ੈਰਤ ਖਾਂ ਦੀ ਮੌਤ ਤੋਂ


ਪਿੱਛੋਂ ਮਰਦੂਦ ਖਾਂ ਨੇ ਕਮਾਨ ਸੰਭਾਲੀ। ਸਿੰਘ ਅਕਾਲ ਸਹਾਏ ਦੀ ਰੱਬੀ ਆਵਾਜ਼ ਨਾਲ ਤੀਰ ਛੱਡ ਰਹੇ ਸੀ। ਸ਼ਾਹੀ ਨੌਜਵਾਨ ਕਾਫ਼ੀ ਮਰ ਗਏ ਮਰਦੂਦ ਖਾਂ ਕਮਾਨ ਛੱਡ ਕੇ ਕੰਧ ਦੇ ਉਹਲੇ ਇਕ ਕੌਲ਼ੇ ਕੋਲ ਖੜ੍ਹ ਕੇ ਹੱਥ ਉੱਪਰ ਚੁੱਕ ਕੇ ਜਾਨ ਦੀ ਸੁੱਖ ਮੰਗ ਰਿਹਾ ਸੀ। ਇਕ ਸਿੰਘ ਦੀ ਬਾਜ ਅੱਖ ਨੇ ਮਰਦੂਦ ਖਾਂ ਦਾ ਸਿਰ ਵੇਖ ਲਿਆ ਤਾਂ ਸ਼ੂਕਦੇ ਤੀਰ ਨੇ ਉਸ ਨੂੰ ਥਾਂ 'ਤੇ ਹੀ ਚਿੱਤ ਕਰ ਦਿੱਤਾ। ਸ਼ਾਹੀ ਜਵਾਨ ਪਿੱਛੇ ਹਟ ਗਏ, ਲੋਥਾਂ ਦੇ ਢੇਰ ਲੱਗ ਗਏ। ਮੁਗ਼ਲ ਆਪਣੇ ਆਪ ਨੂੰ ਫਸੇ ਮਹਿਸੂਸ ਕਰ ਰਹੇ ਸੀ। ਮੁਗ਼ਲਾਂ ਫੇਰ ਇਕ ਭਰਵਾਂ ਹੱਲਾ ਬੋਲਿਆ। ਉਧਰ ਗੁਰੂ ਜੀ ਨੇ ਖਤਰਾ ਮਹਿਸੂਸ ਕੀਤਾ ਤਾਂ ਆਪ ਜੀ ਨੇ ਸਿੰਘਾਂ ਦੇ ਜਥੇ ਜੰਗ ਨੂੰ ਤੋਰਨੇ ਸ਼ੁਰੂ ਕੀਤੇ। ਜਦੋਂ ਮੁਗ਼ਲ ਫੌਜ ਸਿਰ 'ਤੇ ਆ ਚੜ੍ਹੀ ਤਾਂ ਗੁਰੂ ਜੀ ਨੇ ਸਿੰਘਾਂ ਨੂੰ ਥਾਪੜਾ ਦੇ ਕੇ ਜੰਗ ਨੂੰ ਜਾਣ ਲਈ ਕਿਹਾ। ਸਿੰਘਾਂ ਨੇ ਸ਼ਸਤਰ ਸੰਭਾਲ ਗੁਰੂ ਜੀ ਨੂੰ ਫਤਹਿ ਬੁਲਾ ਜੈਕਾਰੇ ਛੱਡਦੇ, ਗੇਟੋਂ ਬਾਹਰ ਆ ਗਏ, ਆਉਂਦਿਆਂ ਤਰਥੱਲੀ ਮਚਾ ਦਿੱਤੀ। ਸਿੰਘਾਂ ਦੇ ਸਰੀਰ ਅੰਗਿਆਰਾਂ ਵਾਂਗ ਭੱਖਦੇ ਸੀ। ਜਿਧਰ ਜਾਂਦੇ ਲੋਥਾਂ ਦੇ ਸੱਥਰ ਲੱਗ ਜਾਂਦੇ। ਸਿੰਘਾਂ ਦਾ ਹਮਲਾ ਬਹੁਤ ਤੇਜ਼ ਸੀ। ਸ਼ਾਹੀ ਜਵਾਨ ਭਮੱਤਰ ਗਏ। ਸਿੰਘ ਹਨ੍ਹੇਰੀ ਵਾਂਗ ਹਥਿਆਰ ਚਲਾ ਰਹੇ ਸੀ। ਹਵੇਲੀ 'ਚੋਂ ਸ਼ੂਕਦੇ ਤੀਰ ਕਈਆਂ ਦੀ ਜਿੰਦ ਕੱਢ ਰਹੇ ਸੀ। ਖੁਦਾ ਤੇ ਬਦੀ ਦਾ ਮੁਕਾਬਲਾ ਸੀ। ਮੁਗ਼ਲਾਂ ਦੇ ਚੋਟੀ ਦੇ ਨੌਜਵਾਨ ਬਹੁਤ ਮਰ ਗਏ ਸੀ। ਇਕ ਖਾਨ ਕਹਿ ਰਿਹਾ ਸੀ, "ਸਿੰਘ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ ਕਿ ਇਹ ਬਹੁਤ ਦਲੇਰ ਤੇ ਤਾਕਤਵਰ ਹਨ। ਮੌਤ ਨੂੰ ਕੁਝ ਨਹੀਂ ਸਮਝਦੇ।" ਅਖੀਰ ਥੋੜ੍ਹੇ ਜਿਹੇ ਸਿੰਘ ਏਨੀ ਨਫ਼ਰੀ ਅੱਗੇ ਕਿੰਨਾ ਕੁ ਚਿਰ ਲੜ ਸਕਦੇ ਸੀ, ਅਖੀਰ ਜ਼ਖ਼ਮੀ ਹੋ ਕੇ ਮਰਦੇ ਦਮ ਤਕ ਜੂਝਦੇ ਧਰਮ ਖਾਤਰ ਸ਼ਹੀਦੀਆਂ ਪਾ ਗਏ।

ਸਿੰਘ ਆਪਣੀ ਜਾਨ ਸ਼ਸਤਰਾਂ 'ਤੇ ਟੰਗੀ ਫਿਰਦੇ ਸੀ, ਜਿਧਰ ਵਾਰ ਕਰਦੇ ਸ਼ਾਹੀ ਜਵਾਨ ਤੌਬਾ-ਤੌਬਾ ਕਰ ਉੱਠਦੇ, ਮੈਦਾਨ ਛੱਡ ਕੇ ਭੱਜਣ ਲੱਗੇ। ਪਰ ਹਾਕਮਾਂ ਦੀਆਂ ਝਿੜਕਾਂ ਨੇ ਉਨ੍ਹਾਂ ਦੀ ਜਾਨ ਦਿਵਾ ਦਿੱਤਾ। ਸਿੰਘ ਜ਼ਿਆਦਾ ਜ਼ਖਮੀ ਹੋਣ ਕਰਕੇ ਆਪਣੀ ਜਾਨ ਤੋਂ ਪਿਆਰੇ ਧਰਮ ਤੋਂ ਜਿੰਦਾਂ ਵਾਰ ਗਏ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਧੰਨ ਸਿੰਘ; ਜੋ ਲੱਖਾਂ ਮੁਗ਼ਲਾਂ ਨੂੰ ਅੱਗੇ ਲਾਈ ਫਿਰਦੇ ਸੀ। ਇਸ ਤੋਂ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੇ ਪਿਤਾ ਜੀ ਤੋਂ ਜੰਗ ਦੇ ਮੈਦਾਨ ਜੂਝਣ ਲਈ ਆਗਿਆ ਮੰਗੀ। ਗੁਰੂ ਜੀ ਨੇ ਚਾਰ ਸਿੰਘਾਂ ਸਮੇਤ ਸਾਰਿਆਂ ਨੂੰ ਥਾਪੜਾ ਦੇ ਕੇ ਜੰਗ-ਏ-ਮੈਦਾਨ ਭੇਜ ਦਿੱਤਾ। ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਥੀ ਖਾਲਸੇ ਸਿੰਘ ਇਕ ਸ਼ੇਰ ਦੀ ਫੁਰਤੀ ਵਾਂਗ ਗੇਟੋਂ ਬਾਹਰ ਆਏ। ਸ਼ਾਹੀ ਜਵਾਨਾਂ ਤੇ ਬਾਜ ਦੀ ਤਰ੍ਹਾਂ ਝਪਟੇ ਵੈਰੀਆਂ ਨੂੰ ਗਰਜ-ਗਰਜ ਕੇ ਮੌਤ ਦੇ ਘਾਟ ਉਤਾਰ ਰਹੇ ਸੀ। ਮੁਗ਼ਲਾਂ ਵਿਚ ਹਾਹਾਕਾਰ ਮੱਚ ਗਈ। ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਤਲਵਾਰ ਸੰਜੋਆਂ ਮੜ੍ਹੇ ਜਵਾਨ ਦੇ ਲੱਗੀ ਤਾਂ ਉਹ ਟੁੱਟ ਗਈ। ਬਿਜਲੀ ਦੀ ਫੁਰਤੀ ਵਾਂਗ ਨੇਜਾ ਸੰਭਾਲ ਲਿਆ। ਸ਼ਾਹੀ ਜਵਾਨ ਇਸ ਤਰ੍ਹਾਂ ਡਿੱਗ ਰਹੇ ਸੀ ਜਿਵੇਂ ਹਨ੍ਹੇਰੀ ਵਿਚ ਦਰੱਖ਼ਤ ਟੁੱਟਦੇ ਹੋਣ, ਸਿੰਘ ਦੁਸ਼ਮਣ ਦੇ ਆਹੂ ਲਾਹ ਰਹੇ ਸੀ। ਸਾਥੀ ਸਿੰਘ ਸ਼ਹੀਦ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਵੀ ਕਾਫ਼ੀ ਜ਼ਖ਼ਮੀ ਹੋ ਗਏ ਪਰ ਸੂਰਮੇ ਨੇ ਦਿਲ ਨਹੀਂ ਛੱਡਿਆ। ਕੱਪੜੇ ਖ਼ੂਨ ਨਾਲ ਸੂਹੇ ਲਾਲ ਹੋ ਗਏ ਸੀ। ਪੁਸ਼ਾਕ ਥਾਂ-ਥਾਂ ਤੋਂ ਪਾੜ ਗਈ ਸੀ। ਸੂਰਮੇ ਯੋਧੇ ਦਾ ਜਲਾਲ ਵੇਖ ਕੇ ਰਣਭੂਮੀ ਵੀ ਕੰਬ ਰਹੀ ਸੀ। ਸਾਹਿਬਜ਼ਾਦਾ ਜ਼ਖ਼ਮਾਂ ਤੋਂ ਬੇਪ੍ਰਵਾਹ ਜੋਸ਼ ਤੇ ਜਜ਼ਬੇ ਨਾਲ ਲੜ ਰਿਹਾ ਸੀ। ਮੁਗ਼ਲਾਂ ਨੇ ਪੂਰਾ ਜ਼ੋਰ ਮਾਰ ਕੇ ਸਾਹਿਬਜ਼ਾਦੇ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਅਖੀਰ ਸਾਹਿਬਜ਼ਾਦਾ ਅਜੀਤ ਸਿੰਘ ਜੀ ਡੱਟਵਾਂ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਇਕ ਸੂਰਮੇ ਦੀ ਤਰ੍ਹਾਂ ਲੜ ਕੇ ਉਹ ਮੁਕਾਮ ਹਾਸਲ ਕਰ ਗਏ, ਜਿਥੇ ਕੋਈ ਨਹੀਂ ਪਹੁੰਚਦਾ। ਗੁਰੂ ਜੀ ਇਹ ਸਾਰਾ ਦ੍ਰਿਸ਼ ਮੰਮਟੀ 'ਤੇ ਬੈਠ ਕੇ ਵੇਖ ਰਹੇ ਸੀ। ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੇ ਸੀ। ਧੰਨ ਗੁਰੂ ਜੀ ਦੇ ਲਾਲ ਧੰਨ। ਮੰਮਟੀ ਤੋਂ ਗੁਰੂ ਜੀ ਦੀ ਕਲਗੀ ਚਮਕ ਰਹੀ ਸੀ, ਜੋ ਮੁਗ਼ਲਾਂ ਦੀ ਜਾਨ ਕੱਢ ਰਹੀ ਸੀ। ਮੁਗ਼ਲ ਕਲਗੀ ਨੂੰ ਵੇਖ-ਵੇਖ ਕੇ ਕਹਿ ਰਹੇ ਸੀ ਕਿ ਅਜੇ ਤਾਂ ਸਿੱਖਾਂ ਦਾ ਗੁਰੂ ਬਾਕੀ ਰਹਿੰਦਾ, ਹੁਣ ਸਾਡਾ ਕੀ ਬਣੇਗਾ? ਮੁਗ਼ਲ ਕੁਝ ਸਮਾਂ ਰੁਕ ਗਏ। ਹਵੇਲੀ 'ਚ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਜੰਗ ਵਿਚ ਆਉਣ ਲਈ ਕਾਹਲੀ ਕਰ ਰਹੇ ਸੀ। ਘੰਟੇ ਕੁ ਬਾਅਦ ਫਿਰ ਚਾਰ-ਪੰਜ ਹਜ਼ਾਰ ਸ਼ਾਹੀ ਜਵਾਨ ਇਕੱਠਾ ਹੋ ਕੇ ਹਵੇਲੀ ਨੇੜੇ ਆਉਣ ਲੱਗਿਆ ਤਾਂ ਗੁਰੂ ਜੀ ਨੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਛੋਟੀ ਕਲਗੀ ਸਜਾ ਕੇ ਪਿਆਰ ਦੇ ਕੇ ਸਾਥੀ ਸਿੰਘਾਂ ਨੂੰ ਪਿਆਰ ਨਾਲ ਥਾਪੜਾ ਦੇ ਕੇ ਤੋਰ ਦਿੱਤਾ ਅਤੇ ਆਪ ਦ੍ਰਿਸ਼ ਵੇਖਣ ਲਈ ਹਵੇਲੀ ਦੀ ਛੱਤ 'ਤੇ ਬੈਠ ਗਏ। ਜਦੋਂ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਤੇ ਚਾਰ ਸਿੰਘਾਂ ਨੇ ਜੋਸ਼ ਨਾਲ ਜ਼ਬਰਦਸਤ ਰੁਖ਼ ਅਖਤਿਆਰ ਕੀਤਾ, ਮੁਗ਼ਲ ਸੋਚ ਵੀ ਨਾ ਸਕੇ, ਹੈਂ ਇਹ ਕੀ ਹਨੇਰੀ ਆ ਗਈ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਤਲਵਾਰ ਦੇ ਧਨੀ ਸਨ। ਉਨ੍ਹਾਂ ਦੀ ਤਲਵਾਰ ਇਸ ਤਰ੍ਹਾਂ ਗੇੜਾ ਖਾਂਦੀ ਜਿਵੇਂ ਦੋ-ਤਿੰਨ ਤਲਵਾਰਾਂ ਹੋਣ। ਫੁਰਤੀ ਬਹੁਤ ਸੀ। ਸਰੀਰ ਨੂੰ ਇਕਦਮ

ਘੁਮਾਉਂਦੇ ਸੀ ਜੋ ਵੈਰੀ ਨੇੜੇ ਲੱਗਦਾ, ਮੌਤ ਆਈ ਸਮਝਦਾ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਤਲਵਾਰ ਦੇ ਵਾਰ ਵੇਖ ਕੇ ਦੁਸ਼ਮਣ ਵੀ ਸਿਫਤਾਂ ਕਰਨੋਂ ਨਾ ਰਹਿ ਸਕਿਆ। ਲੋਥਾਂ ਦੇ ਢੇਰ ਲੱਗ ਗਏ। ਮਨੁੱਖੀ ਅੰਗ ਖਿੱਦੋ-ਖੂੰਡੀਆਂ ਵਾਂਗ ਪਏ ਸੀ। ਜੋ ਬਾਹਰ ਕਮਾਂਡਰ ਸ਼ੇਖੀਆਂ ਮਾਰਦੇ ਸੀ, ਵੱਡੇ ਜੰਗਬਾਜ਼ਾਂ ਨੂੰ ਪਤਾ ਵੀ ਨਾ ਲੱਗੇ ਕਿ ਕੀ ਕਰਨਾ ਹੈ? ਖਾਨਾਂ ਦੇ ਹੋਸ਼ ਗੁੰਮ ਹੋ ਗਏ, ਉਹ ਅੰਦਰੋਂ ਕੰਬਣ ਲੱਗੇ; ਮੁਗ਼ਲ ਕਮਾਂਡਰਾਂ ਕੋਲੋਂ ਝਿੜਕਾਂ/ਦਬਕਿਆਂ ਤੋਂ ਬਗੈਰ ਹੋਰ ਕੁਝ ਨਾ ਰਿਹਾ। ਆਪ ਪਿੱਛੇ ਰਹਿ ਕੇ ਜਵਾਨਾਂ ਨੂੰ ਅੱਗੇ ਧੱਕੇ ਨਾਲ ਧੱਕ ਰਹੇ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਦੁਸ਼ਮਣ ਦੇ ਟੁਕੜੇ ਕਰਦਾ ਹੋਰ ਅੱਗੇ ਵਧ ਰਿਹਾ ਸੀ। ਅਕਾਲ ਪੁਰਖ ਦੀ ਕਿਰਪਾ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਕੋਈ ਅੱਗੋਂ ਨਾ ਰੋਕ ਸਕੇ। ਰਣਭੂਮੀ ਖੂਨ ਨਾਲ ਲਾਲ ਹੋ ਗਈ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਆਖਰੀ ਸਾਹ ਤਕ ਦੁਸ਼ਮਣ ਨੂੰ ਮੌਤ ਦੀ ਝੋਲੀ ਪਾਉਂਦੇ ਆਪਣੀ ਕੌਮ/ਧਰਮ ਖਾਤਰ ਸ਼ਹੀਦੀ ਜਾਮ ਪੀ ਗਏ। ਇਸ ਸੂਰਮੇ ਨੂੰ ਲੱਖਾਂ ਜਵਾਨਾਂ ਨੇ ਜਿਉਂਦੇ ਨੂੰ ਤਾਂ ਕੀ ਫੜਨਾ ਸੀ, ਮੁਕਾਬਲਾ ਵੀ ਨਾ ਕਰ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦੇ ਨੂੰ ਜ਼ਖ਼ਮੀ ਹੁੰਦੇ, ਵਾਰ ਕਰਦੇ ਤੇ ਸ਼ਹੀਦੀ ਪਾਉਂਦੇ ਅੱਖੀਂ ਵੇਖਿਆ। ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਹੇ ਅਕਾਲ ਪੁਰਖ ਤੇਰੀ ਅਮਾਨਤ ਤੇਰੇ ਕੋਲ ਪਹੁੰਚ ਗਈ। ਇਸ ਤੋਂ ਬਾਅਦ ਗੁਰੂ ਜੀ ਜੰਗ ਦੇ ਮੈਦਾਨ 'ਚ ਜਾਣ ਵਾਸਤੇ ਤਿਆਰ ਹੋ ਗਏ ਕਿ ਅਸੀਂ ਵੀ ਇਕ ਸੂਰਮੇ ਵਾਂਗ ਜੂਝਦੇ ਸ਼ਹੀਦੀ ਪਾਵਾਂਗੇ। ਭਾਈ ਦਇਆ ਸਿੰਘ ਜੀ ਨੇ ਸਿੰਘਾਂ ਨਾਲ ਸਲਾਹ ਕਰਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਜਾ ਨਹੀਂ ਸਕਦੇ, ਜੇ ਜਾਣਾ ਹੈ ਤਾਂ ਜੰਗ ਤੋਂ ਬਾਹਰ ਜਾਓ। ਦੁਬਾਰਾ ਪੰਥ ਬਣਾਓ। ਅਸੀਂ ਇਥੇ ਦੁਸ਼ਮਣ ਨੂੰ ਕਰਾਰੇ ਹੱਥ ਵਿਖਾ ਕੇ ਸ਼ਹੀਦੀਆਂ ਪਾ ਜਾਵਾਂਗੇ। ਗੁਰੂ ਜੀ ਸਿੰਘਾਂ ਦੀ ਬੇਨਤੀ ਪ੍ਰਵਾਨ ਕਰਕੇ ਆਪਣੀ ਹੀਰਿਆਂ ਜੜੀ ਕਲਗੀ ਆਪਣੇ ਬਚਪਨ ਦੇ ਸਾਥੀ ਤੇ ਹਮਸ਼ਕਲ ਭਾਈ ਸੰਗਤ ਸਿੰਘ ਦੇ ਸੀਸ 'ਤੇ ਸਜਾ ਗਏ। ਆਪ ਭਾਈ ਸੰਗਤ ਸਿੰਘ ਨੂੰ ਖਾਲਸੇ ਦਾ ਪਹਿਲਾ ਜਥੇਦਾਰ ਬਣਾ ਕੇ ਭਾਈ ਦਇਆ ਸਿੰਘ ਤੇ ਭਾਈ ਮਾਨ ਸਿੰਘ ਨੂੰ ਆਪਣੇ ਨਾਲ ਜਾਣ ਲਈ ਕਿਹਾ। ਆਪ ਤਾੜੀ ਮਾਰ ਕੇ ਕਹਿਣ ਲੱਗੇ, "ਜਾ ਰਿਹਾ ਹੈ ਸਿੱਖਾਂ ਦਾ ਗੁਰੂ, ਜੇ ਕਿਸੇ ਦੀ ਹਿੰਮਤ ਹੈ ਤਾਂ ਰੋਕ ਲਵੋ।" ਮੁਗ਼ਲ ਤੰਬੂਆਂ ਵਿਚ ਹਾਹਾਕਾਰ ਮੱਚ ਗਈ। ਸਿੱਖ ਚਲੇ ਗਏ, ਸਿੱਖ ਚਲੇ ਗਏ; ਰੌਲਾ ਪੈ ਗਿਆ। ਹਨ੍ਹੇਰਾ ਹੋਣ ਕਰਕੇ ਕੱਚੇ ਰਾਹ 'ਚ ਸਿੱਖਾਂ ਨੂੰ ਲੱਭਦੇ ਆਪਸ ਵਿਚ ਹੀ ਮਰਨ ਲੱਗੇ। ਮੁਗ਼ਲਾਂ ਦਾ ਬਹੁਤ ਨੁਕਸਾਨ ਹੋਇਆ। ਸਿੰਘ ਹਵੇਲੀ 'ਚ ਆਰਾਮ ਕਰ ਰਹੇ ਸੀ। ਸਿੰਘ ਸਵੇਰੇ ੩ ਵਜੇ ਉੱਠੇ, ਮੂੰਹ-ਹੱਥ ਧੋਤਾ; ਪਾਣੀ ਦੀ ਘਾਟ ਸੀ। ਸਿਮਰਨ ਕੀਤਾ, ਦਿਨ ਚੜ੍ਹਦੇ ਨੂੰ ਹਥਿਆਰਬੰਦ ਹੋ ਕੇ ਗੇਟ ਨੇੜੇ ਖੜ੍ਹ ਗਏ। ਦੂਜੇ ਪਾਸੇ ਜਦੋਂ ਮੁਗ਼ਲਾਂ ਨੇ ਚਮਕਦੀ ਕਲਗੀ ਵੇਖੀ ਤਾਂ ਦੁਸ਼ਮਣਾਂ ਦੇ ਕਲੇਜੇ ਪੈ ਗਈ। ਵੈਰੀ ਦਾ ਰੰਗ ਪੀਲ਼ਾ ਪੈ ਗਿਆ ਕਿ ਸਿੱਖਾਂ ਦਾ ਪੀਰ ਅਜੇ ਰਹਿੰਦਾ, ਕੀ ਪਤਾ ਕੀ ਕਰ ਦੇਣ? ਮੁਗ਼ਲ ਹਾਰ ਮੰਨੀ ਬੈਠੇ ਸੀ। ਜਿਨ੍ਹਾਂ ਦੇ ਸਿੱਖਾਂ ਤੇ ਪੁੱਤਰਾਂ ਨੇ ਸਾਡੇ ਪੈਰ ਨਹੀਂ ਲੱਗਣ ਦਿੱਤੇ, ਗੁਰੂ ਜੀ ਤਾਂ ਸਾਡੀ ਸਾਰੀ ਫੌਜ ਨੂੰ ਹੀ ਖਤਮ ਕਰ ਦੇਣਗੇ। ਮੁਗ਼ਲਾਂ ਨੇ ਡਰਦੇ-ਡਰਾਉਂਦਿਆਂ ਨੇ ਇਕ ਜ਼ਬਰਦਸਤ ਕਹਿਰੀ ਹਮਲਾ ਕਰਨ ਬਾਰੇ ਸੋਚਿਆ ਕਿ ਹਵੇਲੀ ਦੇ ਅੰਦਰ ਚਲੇ ਜਾਵੋ। ਪਿੱਛੋਂ ਢਾਹ ਦੇਵੋ। ਜਦੋਂ ਮੁਗ਼ਲ ਹਜ਼ਾਰਾਂ ਦੀ ਗਿਣਤੀ ਵਿਚ ਹਵੇਲੀ ਵੱਲ ਵਧੇ ਤਾਂ ਅੰਦਰੋਂ ਸਿੰਘਾਂ ਨੇ ਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਜੈਕਾਰੇ ਲਾਉਂਦੇ, ਵੈਰੀ ਨੂੰ ਹੌਲ ਪਾਉਂਦੇ, ਭੁੱਖੇ ਸ਼ੇਰਾਂ ਵਾਂਗ ਸ਼ਾਹੀ ਜਵਾਨਾਂ ਨੂੰ ਟੁੱਟ ਕੇ ਪੈ ਗਏ। ਵੈਰੀ ਨੂੰ ਲੀਰਾਂ ਵਾਂਗ ਪਾੜਣ ਲੱਗੇ। ਸ਼ਾਹੀ ਜਰਨੈਲਾਂ ਤੇ ਜਵਾਨਾਂ ਦੀ ਗਿਣਤੀ ਪੁੱਠੀ ਹੋ ਗਈ। ਸੋਚਦੇ ਹੋਰ ਸੀ ਹੋ ਹੋਰ ਗਿਆ। ਹੋਰ ਸਿੰਘਾਂ ਸ਼ੇਰਾਂ ਦੇ ਪੰਜੇ 'ਚ ਫਸ ਗਏ। ਮੁਗ਼ਲਾਂ ਨੂੰ ਭੁਲੇਖਾ ਸੀ ਕਿ ਇਕ-ਦੋ ਸਿੱਖ ਹੋਣਗੇ, ਉਨ੍ਹਾਂ ਨੂੰ ਹੱਥੋਂ ਫੜ ਲਵਾਂਗੇ ਜਾਂ ਮਾਰ ਦੇਵਾਂਗੇ। ਸਿੰਘਾਂ ਅੱਗੇ ਖਾਨਾਂ ਨੂੰ ਭਾਜੜਾਂ ਪੈ ਗਈਆਂ। ਇਕ ਪਾਸ਼ੇ ਭੁੱਖਣ-ਭਾਣੇ ਸਿੰਘ ਦੂਜੇ ਪਾਸੇ ਅਣਗਿਣਤ ਸਾਰੀਆਂ ਸਹੂਲਤਾਂ। ਪਰ ਏਨਾ ਕੁਝ ਹੁੰਦੇ ਹੋਏ ਸਿੰਘਾਂ ਨੂੰ ਜਿਉਂਦੇ ਨਾ ਫੜ ਸਕੇ। ਸਿੰਘ ਮਰ ਮਿਟ ਸਕਦਾ ਪਰ ਜਿਉਂਦੇ- ਜੀਅ ਹੱਥ ਨਹੀਂ ਆਉਂਦਾ। ਜੇ ਅਚਾਨਕ ਆ ਜਾਵੇ ਤਾਂ ਧਰਮ ਨਹੀਂ ਛੱਡਦਾ। ਜਿੰਦ ਧਰਮ ਤੋਂ ਵਾਰ ਦਿੰਦਾ ਸੀ। ਮੁਗ਼ਲਾਂ ਦੇ ਜਵਾਨ ਜ਼ਿਆਦਾ ਹੋਣ ਕਰਕੇ ਸਿੰਘ ਘੇਰੇ 'ਚ ਆ ਗਏ। ਪਰ ਸਿੰਘ ਆਪਣੀ ਕੌਮ, ਅਣਖ, ਇੱਜ਼ਤ, ਧਰਮ ਤੇ ਗੁਰੂ ਜੀ ਦੇ ਕਹੇ ਬਚਨਾਂ ਨੂੰ ਪੂਰਾ ਕਰਦੇ ਪਿਆਰੀਆਂ ਜਿੰਦਾਂ ਵਾਰ ਗਏ। ਦੁਨੀਆਂ ਨੂੰ ਦੱਸ ਗਏ। ਬੇਗ਼ੈਰਤੀ ਜ਼ਿੰਦਗੀ ਜਿਉਣ ਨਾਲੋਂ ਸ਼ਹੀਦੀ ਸੌ ਗੁਣਾਂ ਚੰਗੀ ਹੈ। ਮੁਗ਼ਲ ਭਾਈ ਸੰਗਤ ਸਿੰਘ ਜੀ ਦੀ ਕਲਗੀ ਵੇਖ ਕੇ ਖੁਸ਼ੀਆਂ ਮਨਾਉਣ ਲੱਗੇ। ਜਦੋਂ ਪਛਾਣ ਹੋਈ ਤਾਂ ਸਾਰੇ ਨਿਰਾਸ਼ ਹੋ ਗਏ। ਚਮਕੌਰ ਸਾਹਿਬ ਦੀ ਜੰਗ ਸਿੱਖਾਂ ਦੀ ਦਲੇਰੀ ਤੇ ਸੂਰਮਗਤੀ ਦੀ ਨਿਸ਼ਾਨੀ ਹੈ। ਆਉਣ ਵਾਲੀਆਂ ਨਸਲਾਂ ਲਈ ਸਬੂਤ ਹੈ। ਇਹ ਦੁਨੀਆਂ ਦੀ ਅਨੋਖੀ ਜੰਗ ਸੀ, ਇਕ ਪਾਸੇ ੪੦ ਸਿੰਘ ਦੂਜੇ ਪਾਸੇ ਲੱਖਾਂ 'ਚ। ਕੀੜੀ ਤੇ ਹਾਥੀ ਵਾਂਗ ਫ਼ਰਕ ਸੀ ਪਰ ਸਿੰਘ ਜੰਗ ਜਿੱਤ ਕੇ ਸ਼ਹੀਦੀਆਂ ਪਾ ਗਏ।

..................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

"ਸਾਡੇ ਪਿੱਥੋ ਦੇ" ਸ. ਭੁੱਲਰ ਨੇ ਗੱਲ ਜਾਰੀ ਰੱਖੀ, "1872 ਈ. ਦੇ ਮਲੇਰਕੋਟਲਾ ਸਾਕੇ ਦੇ ਸੰਬੰਧ ਵਿੱਚ ਤਿੰਨ ਕੂਕੇ ਸਿੰਘ ਬਰਤਾਨਵੀ ਸਰਕਾਰ ਦੇ ਅਨਿਆਇ ਹੇਠ ਤੋਪਾਂ ਅੱਗੇ ਉਡ ਕੇ ਸ਼ਹੀਦੀਆਂ ਪਾ ਗਏ। ਪਿੰਡ ਲਿਆ ਕੇ ਇਨ੍ਹਾਂ ਤਿੰਨਾਂ ਨੂੰ ਇੱਕੋ ਚਿਖਾ ਵਿੱਚ ਰੱਖ ਕੇ ਸਸਕਾਰਿਆ ਗਿਆ ਸੀ। ਮੈਂ ਆਪਣੇ ਪਿੰਡ ਦੇ ਬੁੱਢਿਆਂ ਤੋਂ ਪੁੱਛ ਕੇ ਉਹ ਥਾਂ ਵੇਖੀ ਹੋਈ ਸੀ ਜਿੱਥੇ ਸ਼ਹੀਦ ਨਾਮਧਾਰੀਆਂ ਦਾ ਅੰਤਮ ਸਸਕਾਰ ਕੀਤਾ ਗਿਆ। ਉਹ ਜਗਹ ਬਹੁਤ ਪੱਕੀ ਸੀ।

"ਪਿੱਥੋ ਦੇ ਸੂਬਾ ਸ਼ੇਰ ਸਿੰਘ ਦਾ ਪੋਤਰਾ, ਨਾਹਰ ਸਿੰਘ ਦਾ ਲੜਕਾ ਗੁਰਚਰਨ ਸਿੰਘ 'ਪੰਛੀ' ਅੱਜ ਕਲ੍ਹ ਰਾਸ਼ਟਰਪਤੀ ਜ਼ੈਲ ਸਿੰਘ ਦਾ ਅਸਿਸਟੈਂਟ ਪਰਸਨਲ ਸੈਕ੍ਰੇਟਰੀ ਹੈ। ਸੁਭਾਅ ਦਾ ਦੱਬੂ ਤੇ ਭਲਾ ਮਾਣਸ ਹੈ। ਮੈਨੂੰ ਕਦੇ-ਕਦੇ ਮਿਲਦਾ ਹੁੰਦਾ ਹੈ।" ਭੁੱਲਰ ਨੇ ਦੱਸਿਆ ਅਤੇ ਨਾਲ ਲੱਗਦੀ ਗੱਲ ਜ਼ੈਲ ਸਿੰਘ ਦੀ ਵੀ ਦੱਸ ਦਿੱਤੀ। ਜਦੋਂ ਪੈਪਸੂ ਟੁੱਟਿਆ ਅਤੇ ਪੰਜਾਬ ਬਣਿਆ ਤਾਂ ਕਿ : ਜ਼ੈਲ ਸਿੰਘ ਦੀ ਲੀਡਰੀ ਦਾ ਵੀ ਭੋਗ ਪੈ ਗਿਆ। ਇਹਨੀਂ ਦਿਨੀਂ ਪਟਿਆਲੇ ਆਉਂਦੇ ਜਾਂਦੇ ਜਿੱਥੇ ਪੰਛੀ ਨੇ ਗਿਆਨੀ ਕਾਲਜ ਖੋਲ੍ਹਿਆ ਹੋਇਆ ਸੀ, ਰਾਤ ਬਰਾਂਡੇ ਪੈ ਰਿਹਾ ਕਰਦਾ ਸੀ ਅਤੇ ਪੰਛੀ ਨੇ ਵੀ ਜੋ ਪਾਸ ਹੋਣਾ ਵੰਡ ਕੇ ਛਕ ਲੈਣਾ। ਉਹਨਾਂ ਦਿਨਾਂ ਵਿੱਚ ਗਿਆਨੀ ਅਤੇ ਪੰਛੀ ਦੀ ਵਾਹਵਾ ਸਾਂਝ ਸੀ, ਉਸਦਾ ਹੀ ਇਹ ਚਮਤਕਾਰ ਹੈ ਕਿ ਅੱਜ ਪੰਛੀ ਰਾਸ਼ਟਰਪਤੀ ਭਵਨ ਦੀ ਇੱਕ ਕੋਠੀ ਵਿੱਚ ਰਿਹਾਇਸ਼ ਕਰਦਾ ਅਤੇ 2000/- ਤਨਖਾਹ ਪ੍ਰਾਪਤ ਕਰ ਰਿਹਾ ਹੈ। ਪਰ ਪੰਛੀ ਗਿਆਨੀ ਜੀ ਦੀਆਂ ਚੜ੍ਹਤਾਂ ਵੇਲੇ ਜਾ ਮੱਖ ਮੰਤਰੀ ਬਣਨ ਦੇ ਸਮੇਂ ਕੋਈ ਰਾਜ ਸਭਾ ਆਦਿ ਦੀ ਸੀਟ ਨਹੀਂ ਲੈ ਸਕਿਆ। ਪੰਛੀ ਬਸ ਇਹੋ ਹੀ ਕਹਿੰਦਾ ਹੈ "ਓ ਜੀ ਪਤਾ ਈ ਐ ਗਿਆਨੀ ਜੀ ਨੂੰ, ਜੋ ਠੀਕ ਹੋਵੇਗਾ ਆਪੇ ਹੀ ਕਰ ਲੈਣਗੇ।

ਇਹ ਸ. ਗੁਰਚਰਨ ਸਿੰਘ ਪੰਛੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਖੇਤੀ ਬਾੜੀ ਮੁਖੀ ਸ. ਸੁਰਜਣ ਸਿੰਘ ਢੋਟੀਆਂ, ਜੀਵਨ ਨਗਰ, ਦੀ ਪੁੱਤਰੀ ਨਾਲ ਵਿਆਹਿਆ ਹੋਇਆ ਹੈ ਅਤੇ ਇਹਦਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਗੁਰੂ ਕੇ ਸਿੱਖਾਂ ਵਰਗਾ ਪ੍ਰੇਮ ਹੈ।

ਗੱਲਾਂ ਵਿੱਚੋਂ ਇੱਕ ਗੱਲ ਭਾਈ ਇੰਦਰ ਸਿੰਘ ਪਿੱਥੋਂ ਵਾਲੇ ਦੀ ਸੁਣਾ ਕੇ : ਭਾਈ ਇੰਦਰ ਸਿੰਘ, ਭਾਈ ਕਾਨ੍ਹ ਸਿੰਘ ਦੀ ਜੱਦ ਵਿੱਚੋਂ ਸੀ। ਇਸ ਨੇ ਕਿਸੇ ਗਵੇੜ ਵਿੱਚ, ਭਰਮ ਅਧੀਨ ਕਿਸੇ ਮੁਸਲਮਾਨ ਚੌਧਰੀ ਮਿੱਤਰ ਹੱਥੋਂ ਗਾਂ ਖਾ ਲਈ ਸੀ ਫਿਰ ਇਸਨੇ ਓਸੇ ਮਿੱਤਰ ਨੂੰ ਸੂਰ ਖੁਆ ਦਿੱਤਾ।। ਦੋਹਾਂ ਵਿੱਚੋਂ ਕੋਈ ਵੀ ਗਊ ਸੂਰ ਦੀ ਸਹੁੰ ਮੰਨਣ ਵਾਲਾ ਨਹੀਂ ਸੀ। ਇੰਦਰ ਸਿੰਘ ਅਛੂਤ ਉਧਾਰਕ ਹੋਣ ਕਰਕੇ ਇੱਕ ਦਿਨ ਦਲਿਤਾਂ ਦੀ ਬਸਤੀ ਵਿੱਚੋਂ ਕਿਸੇ ਦਲਿਤ ਤੋਂ ਉਹਦੀ ਕਾਹੜਨੀ ਦਾ ਦੁੱਧ ਪੀ ਆਇਆ। ਪਿੰਡ ਦੇ ਲੋਕਾਂ ਇਸ ਗੱਲੋਂ ਇਸਦਾ ਬਾਈਕਾਟ ਕਰ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਦੇ ਪਿੰਡ ਪਿਥੋ ਆਇਆਂ ਪਿੰਡ ਵਾਲਿਆਂ ਕੱਠੇ ਹੋ ਕੇ ਇਹਦੀ ਦਲਿਤਾਂ ਦੇ ਘਰੋਂ ਦੁੱਧ ਪੀ ਆਉਣ ਦੀ ਸ਼ਿਕਾਇਤ ਕੀਤੀ। ਭਾਈ ਸਾਹਿਬ ਨੇ ਆਪਣੀ ਕੋਠੀ ਬੈਠ ਦੁਹਾਂ ਧਿਰਾਂ ਦੀ ਗੱਲ ਸੁਣ ਕੇ ਨਿਰਨਾ ਕੀਤਾ। ਇੰਦਰ ਸਿੰਘ ਦੀ ਤਾਂ ਗ਼ਫ਼ਲਤ ਹੈ ਅਤੇ ਤੁਹਾਡੀ ਮੂਰਖਤਾ ਹੈ। ਇਹ ਅਛੂਤ ਉਧਾਰ ਦੇ ਪਹਿਲੇ ਦਿਨ ਸਨ।

ਸ. ਭੁੱਲਰ ਨੇ ਭਾਈ ਕਾਨ੍ਹ ਸਿੰਘ ਦੀ ਉਸ ਕੋਠੀ ਦੀ ਬੇਰੌਣਕੀ ਦੀ ਚਰਚਾ ਵੀ ਕੀਤੀ, ਜਿਹੜੀ ਪਿੰਡੋਂ ਡੇਢ ਕਿਲੋਮੀਟਰ ਦੇ ਫਾਸਲੇ ਤੇ ਸੀ। ਇੱਕ ਸ਼ਾਨਦਾਰ ਕੋਠੀ ਜਿਹੜੀ ਪਿੱਛੋਂ ਜਾ ਕੇ ਉਜਾੜ ਹੋ ਗਈ। ਇਸ ਕੋਠੀ ਨਾਲ ਬੜੇ ਸੁੰਦਰ ਅਤੇ ਦੁਨੀਆਂ ਭਰ ਵਿੱਚੋਂ ਟੋਲ ਕੇ ਲਿਆਂਦੇ ਫੁੱਲਾਂ ਅਤੇ ਫਲਾਂ ਦੇ ਬੂਟਿਆਂ ਦਾ ਬਾਗ ਸੀ। ਜਿਹੜਾ ਹੌਲੀ ਹੌਲੀ ਵਰਾਨ ਹੋ ਗਿਆ। ਮਿ. ਮੈਕਾਲਿਫ਼

ਜਿਸਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਵਿੱਚ ਸਿੱਖ ਹਿਸਟਰੀ ਲਿਖੀ। ਏਸੇ ਕੋਠੀ ਵਿੱਚ 6 ਮਹੀਨੇ ਆਨੰਦ ਮਾਣਦਾ ਤੇ ਆਪਣਾ ਕੰਮ ਨੇਪਰੇ ਚਾੜ੍ਹਦਾ ਰਿਹਾ।

ਪੰਜਾਬੀ ਦੇ ਇਸ ਸਿਰਮੌਰ ਕਹਾਣੀਕਾਰ ਦੇ ਭੰਡਾਰੇ ਵਿੱਚੋਂ ਅਜੇ ਪੂਣੀ ਵੀ ਨਹੀਂ ਸੀ ਕੱਤੀ ਗਈ ਕਿ ਸਾਨੂੰ ਜਾਣ ਦੀ ਕਾਹਲੀ ਪੈ ਗਈ। ਕੁਛ ਫੋਟੋਗ੍ਰਾਫ ਹੋਏ। ਅੰਤ ਉੱਤੇ ਇਸ ਗੁਣ ਨਿਧਾਨ ਬੰਦੇ ਨੇ ਆਪਣੀਆਂ ਦੋ ਰਚਨਾਵਾਂ, ਜਿਹੜੀਆਂ ਬੀਤੇ ਵਰ੍ਹੇ ਹੀ ਪ੍ਰਕਾਸ਼ਤ ਹੋਈਆਂ, ਮੈਨੂੰ ਭੇਟ ਕੀਤੀਆਂ। ਇਹਨਾਂ ਦਾ ਨਾਮ ਹੈ :

1. ਦੀਵੇ ਵਾਂਗ ਬਲਦੀ ਅੱਖ (ਜਗਦੀਆਂ ਮਗ੍ਹਦੀਆਂ ਕਾਹਣੀਆਂ ਦਾ ਸੰਗ੍ਰਹਿ)
2. ਮੌਨ ਕਹਾਣੀ (ਮੌਲਿਕ ਕਵਿਤਾਵਾਂ ਦਾ ਮਰਮ ਜਗਾਂਦਾ ਸੰਗ੍ਰਹਿ)

ਪਿਆਰੇ ਕਹਾਣੀ ਲੇਖਕ ਤੋਂ ਵਿਦਾ ਹੋ ਪਤਨੀ ਤਾਂ ਰਾਜੌਰੀ ਗਾਰਡਨ ਤੁਰ ਗਈ, ਮੈਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਹਿਤ ਕੋਠੀ ਪੂਸਾ ਰੋਡ ਪਹੁੰਚ ਗਿਆ।

**ਕੁਛ ਪਲ ਕੋਠੀ ਪੂਸਾ ਰੋਡ –** ਕੋਠੀ ਵਿੱਚ ਰੌਣਕ ਸੀ। ਕੁਝ ਅੰਗ ਰੱਖਿਅਕ, ਕੁਝ ਲਾਂਗਰੀ ਅਤੇ ਸਕੱਤਰ ਸਾਹਿਬ ਨਜ਼ਰ ਪਏ। ਖੁਰਾਣਾ ਪਰਵਾਰ ਦੇ ਸੰਬੰਧੀਆਂ ਵਿੱਚੋਂ ਇੱਕ ਮਾਂ ਪੁੱਤ ਵੀ ਦਰਸ਼ਨ ਅਭਿਲਾਖੀ ਸਨ। ਮੈਨੂੰ ਦੱਸਿਆ ਗਿਆ ਸਵੇਰੇ ਆਸਾ ਦੀ ਵਾਰ ਰਮੇਸ਼ ਨਗਰ ਨਾਮਧਾਰੀ ਧਰਮਸਾਲਾ ਲੱਗੇਗੀ ਸ੍ਰੀ ਸਤਿਗੁਰੂ ਜੀ ਵੀ ਦਰਸ਼ਨ ਦੇਣਗੇ। ਸਤਿਗੁਰੂ ਜੀ ਹੁਣੇ (3.00 ਵਜੇ) ਬਿਰਾਜੇ ਹਨ, 20 ਕੁ ਮਿੰਟ ਇੰਤਜ਼ਾਰ ਕਰੋ। ਜਾਂ ਮੈਂ ਪੌੜੀਆਂ ਚੜ੍ਹ ਉੱਪਰ ਗੁਰੂ ਕੇ ਦੁਆਰ ਕੋਲ ਪੁੱਜਾ ਤਾਂ ਪਹਿਰੇਦਾਰ ਸ਼ਿੰਦਰ ਸਿੰਘ ਬੋਘਲ ਨੇ ਮੈਨੂੰ ਆਦਰ ਦਿੱਤਾ। "ਆਓ ਬੈਠੋ" ਆਖਿਆ। ਏਨੇ ਚਿਰ ਵਿੱਚ ਦੁਆਰ ਖੁੱਲ੍ਹਿਆ। ਚਾਦਰ ਦੀ ਬੁੱਕਲ ਮਾਰੀ ਸਤਿਗੁਰੂ ਜੀ ਮੇਰੇ ਸਨਮੁਖ ਸਨ। ਚਿਹਰਾ ਕਮਜ਼ੋਰ ਸੀ। ਪੰਜ ਰੁਪੈ ਦਾ ਨਵਾਂ ਨੋਟ ਮੱਥਾ ਟੇਕਦਿਆਂ, ਪਿੱਛੇ ਖਲੋਤੇ ਪੂਰਬੇ ਨੂੰ ਮੈਂ ਸੰਬੋਧਨ ਕਰਕੇ ਕਿਹਾ : ਅੱਜ ਹੀ ਪਰਵਾਰ ਦੇ ਜੀਆਂ ਨੂੰ ਆਪਣਾ ਇਹ 'ਬਚਨ' ਦੱਸਿਆ ਹੈ ਕਿ ਜਿਉਂ ਹੀ ਸਤਿਗੁਰੂ ਜੀ ਵਲੋਂ ਮਕਾਨ ਉਸਾਰਨ ਲਈ ਦੋ ਲੱਖ ਰੁਪੈਆ ਮਿਲ ਗਿਆ, ਜਿਉਂ ਹੀ ਮੇਰੀ ਨਮਸਕਾਰ 10/- ਤੇ ਪਹੁੰਚ ਜਾਵੇਗੀ। ਸਤਿਗੁਰੂ ਜੀ ਪੂਰਬੇ ਵੱਲ ਵੇਖ ਕੇ ਮੁਸਕਰਾਏ। ਮੈਂ ਪੌੜੀਆਂ ਉੱਤਰ ਆਇਆ।

## 12 ਜਨਵਰੀ 1987, ਸੋਮਵਾਰ
## ਨਵੀਂ ਦਿੱਲੀ

**ਆਸਾ ਦੀ ਵਾਰ ਵਿੱਚ ਨਵ ਰਚਨਾ –** ਅੱਜ ਦਿੱਲੀ ਵਿੱਚ ਦਿਨ ਦਾ ਆਰੰਭ ਭਿਆਨਕ ਧੁੰਧ ਨਾਲ ਹੋਇਆ। ਹੱਥ ਪਸਾਰਿਆ ਨਹੀਂ ਲੱਭਦਾ। ਪਰ ਮੈਂ 6 ਵਜੇ ਤੱਕ ਨਾਮਧਾਰੀ ਧਰਮਸਾਲਾ ਵਿੱਚ ਆਸਾ ਦੀ ਵਾਰ ਸਮੇਂ, ਸ੍ਰੀ ਸਤਿਗੁਰੂ ਜੀ ਦੇ ਜਾ ਦਰਸ਼ਨ ਕੀਤੇ। ਹਾਲ ਵਿੱਚ ਹੌਲੀ ਹੌਲੀ ਖਾਸੀ ਰੌਣਕ ਹੋ ਗਈ। ਵਾਰ ਦਾ ਕੀਰਤਨ ਉਸਤਾਦ ਹਰਭਜਨ ਸਿੰਘ ਅਤੇ ਜੁਆਨ ਕਲਾਕਾਰ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੂੰ ਖਾਂਸੀ ਕਾਫ਼ੀ ਹੈ, ਪਰ ਵਾਰ ਵਿੱਚ ਗੰਵਿਆ ਜਾ ਰਿਹਾ ਹੈ।

ਮੇਰੇ ਬੈਠਿਆਂ "ਸਾਜੁ ਬਿਹਾਗ ਰਮਹਿ ਆਗਾਜ" ਗੁਰਬਾਣੀ ਦੀ ਤੁਕ ਪੜ੍ਹ ਕੇ ਗਾਇਕਾਂ ਨੂੰ ਇਸ਼ਾਰਾ ਕੀਤਾ ਤਾਂ ਬਿਹਾਗ ਦੀਆਂ ਸੁਰਾਂ ਛੇੜੀਆਂ। ਇੱਕ ਅਸਲੋਂ ਨਵੀਂ ਤੇ ਏਸੇ ਵੇਲੇ ਹੀ ਸਿਰਜੀ ਗਈ ਸੁਰ-ਰਚਨਾਂ ਕੰਨਾਂ ਵਿੱਚ ਸੁਚੀਣ ਲੱਗੀ। ਸ਼ਬਦ ਸੀ-

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥

ਜੇ ਕਿਸੇ ਸਵੱਰਕਾਰ ਨੇ ਇਸ ਨੂੰ ਸੁਰ ਬੱਧ ਨਾ ਕੀਤਾ ਤਾਂ ਅਤਿ ਸੁੰਦਰ ਰਚਨਾ ਫੇਰ ਸੁਣਨ ਨੂੰ ਨਹੀਂ ਮਿਲੇਗੀ।

**ਬੰਗਲੌਰ ਫਾਰਮ ਵਿੱਚ ਵਰਨੀ ਬਾਰੇ –** ਵਾਰ ਦੇ ਭੋਗ ਪੈਣ ਤੇ ਕੁਛ ਸਿੰਘਾਂ ਦੇ ਨਾਂ ਲਏ ਗਏ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਬੈਂਗਲੌਰ ਨਾਮਧਾਰੀ ਫਾਰਮ ਵਿੱਚ ਜਾ ਕੇ ਵਰਨੀਆਂ ਕਰਨ ਲਈ ਸਾਲ ਭਰ ਰਹਿਣ ਦੀ ਇੱਛਾ ਸੀ ਅਤੇ ਉਨ੍ਹਾਂ ਜਾਣਾ ਵੀ ਅਗਲੀ ਭਲਕੇ ਸੀ। ਹਾਜ਼ਰ ਹੋ ਕੇ ਸਿੰਘਾਂ ਅਰਜ਼ ਕੀਤੀ : ਕੱਲ੍ਹ ਹੀ ਨਹੀਂ ਜੀ, ਦੋ ਤਿੰਨ ਦਿਨ ਠਹਿਰ ਕੇ, ਜ਼ਿਮੇ ਲੱਗੇ ਕੰਮਾਂ ਨੂੰ ਵਿਉਂਤ ਕੇ ਜਾਵਾਂਗੇ ਅਤੇ ਪਹਿਲੀ ਵਾਰ ਤਿੰਨ ਮਹੀਨੇ ਦਾ ਸਮਾਂ ਲਗਾ ਕੇ ਆਵਾਂਗੇ, ਦੂਜੀ ਵਾਰ ਫੇਰ ਸਹੀ। ਅਰਜ਼ ਪਰਵਾਨ ਹੋਈ। ਸਤਿਗੁਰੂ ਜੀ ਵਲੋਂ ਹੇਠ ਲਿਖੇ ਨਾਵਾਂ ਦੀ ਤਜਵੀਜ਼ ਸੀ :

1. ਕਿਰਪਾਲ ਸਿੰਘ ਵਿਸ਼ਨੂੰ ਗਾਰਡਨ
2. ਸੰਤ ਗੁਰਬਚਨ ਸਿੰਘ
3. ਸੰਤ ਸਵਰਨ ਸਿੰਘ ਸੋਧੀ ਵਿਸ਼ਨੂੰ ਗਾਰਡਨ
4. ਸੰਤ ਮਹਿੰਦਰ ਸਿੰਘ

5. ਸੰਤ ਬਾਲ ਸਿੰਘ ਰਮੇਸ਼ ਮਗਰ, ਪਰ ਇਹ ਕੁਝ ਬਿਮਾਰ ਸੀ

6. ਸੰਤ ਗੋਪਾਲ ਸਿੰਘ ਮੋਤੀ ਨਗਰ

ਦੁਪਹਿਰੇ ਮੈਂ ਕੋਠੀ ਗਿਆ। ਮਸਾਂ ਕਿਤੇ ਧੁੰਧ ਦੀ ਸਮਾਪਤੀ ਹੋਈ। ਹੁਣੇ-ਹੁਣੇ (11.30 AM) ਅਵਤਾਰ ਸਿੰਘ ਘੁੰਮਣ ਅਤੇ ਗੁਰਦੇਵ ਸਿੰਘ ਲੰਬੜਦਾਰ ਸੰਤ ਨਗਰ ਵਾਲੇ ਆਏ ਸਨ। ਇਹਨਾਂ ਦੱਸਿਆ ਕਿ 10 ਜਨਵਰੀ ਦੀ ਰਾਤੀਂ 10 ਵਜੇ ਦੇ ਕਰੀਬ ਫਤਿਹਾਬਾਦ ਦੇ ਲਾਗੇ, ਦਿੱਲੀਓਂ ਸਰਸੇ ਨੂੰ ਜਾਂਦਿਆਂ, ਸੰਤ ਕੰਧਾਰਾ ਸਿੰਘ ਵਰਨ ਦੇ ਪੋਤਰੇ, ਸੰਤ ਬਲਕਾਰ ਸਿੰਘ ਸ਼ਹੀਦ ਸੰਤ ਨਗਰ ਦੇ ਇਕਲੌਤੇ, 28 ਸਾਲ ਆਯੂ ਦੇ ਵਕੀਲ ਬੇਟੇ ਸ. ਬਲਦੇਵ ਸਿੰਘ ਅਤੇ ਸ਼੍ਰੀ ਅਮਰਜੀਤ ਸਿੰਘ ਸਪੁਤਰ ਡਾ. ਜਗਦੀਸ਼ ਸਿੰਘ ਸੰਤ ਨਗਰ ਪੋਤਰਾ ਡਾ. ਤਰਲੋਕ ਸਿੰਘ ਦੀ ਕਾਰ ਟਰੱਕ ਭਿੜੰਤ ਵਿੱਚ ਮੌਤ ਹੋ ਗਈ ਹੈ।

ਸਬੱਬ ਵੇਖੋ, ਦੋ ਮਹੀਨੇ ਪਹਿਲਾਂ ਸ. ਬਲਦੇਵ ਸਿੰਘ ਦੀ ਸ਼ਾਦੀ ਹੋਈ ਸੀ। ਇਹ ਸ਼ਾਦੀ ਸਤਿਗੁਰੂ ਜੀ ਦੇ ਰੋਕਦਿਆਂ ਕੀਤੀ ਗਈ ਸੀ। ਸਰਾਵਾਂ ਬੋਦਲਿਆਂ ਦੀਆਂ ਦੇ ਸਰਦਾਰਾਂ ਨੇ ਆਪਣੇ ਵਕੀਲ ਦਾਮਾਦ ਨੂੰ ਮਾਰੂਤੀ ਕਾਰ ਦਾਜ ਵਿੱਚ ਦਿੱਤੀ। ਹੋਰ ਸਮਾਨ ਨਾਲ ਵੀ ਪਹਿਲੇ ਭਰੇ ਘਰ ਨੂੰ ਹੋਰ ਉਛਾਲ ਦਿੱਤਾ, ਸੁੰਦਰ ਲੜਕੀ ਦਿੱਤੀ। ਪਰ ਇਹੋ ਦਾਜ ਵਾਲੀ ਕਾਰ ਬਲਦੇਵ ਸਿੰਘ ਦੀ ਮੌਤ ਦਾ ਕਾਰਨ ਬਣ ਗਈ। ਬਲਦੇਵ ਸਿੰਘ ਹੀ ਗਡੀ ਚਲਾ ਰਿਹਾ ਸੀ। ਪੁਲਿਸ ਬੈਰੀਅਰ ਦੇ ਡਰੰਮ ਸਾਹਮਣੇ ਆਏ ਤਾਂ ਤੇਜ਼ੀ ਵਿੱਚ ਇੱਕ ਰੋਕ ਤਾਂ ਠੀਕ ਪਾਰ ਕਰ ਲਈ ਪਰ ਦੂਜਾ ਮੋੜ ਸੰਭਲਿਆ ਨਾ ਗਿਆ। ਸਾਹਮਣੇ ਟਰੱਕ ਆਉਂਦਾ ਸੀ, ਉਸਨੇ ਤਾਂ ਬਰੇਕ ਲਾ ਲਈ ਪਰ ਇਹ ਮਾਰੂਤੀ ਦੂਜੇ ਡਰੰਮਾਂ ਦੇ ਉਤੋਂਦੀ ਹੋ ਟਰੱਕ ਵਿੱਚ ਜਾ ਵੱਜੀ ਅਤੇ ਦੋਵੇਂ ਜਵਾਨ-ਜਹਾਨ ਸਵਾਰੀਆਂ ਜ਼ਿੰਦਗੀ ਤੋਂ ਹੱਥ ਧੋ ਬੈਠੀਆਂ।

ਬਲਦੇਵ ਸਿੰਘ ਸਵਾ ਛੇ ਫੁੱਟ ਉੱਚਾ ਜਵਾਨ ਸੀ। ਵਿਆਹ ਤੋਂ ਪਹਿਲਾਂ ਸਤਿਗੁਰੂ ਜੀ ਵੱਲ ਉਹ ਕਾਫ਼ੀ ਆਕਰਸ਼ਤ ਸੀ ਅਤੇ ਕਹਿੰਦਾ ਸੀ : ਸਤਿਗੁਰੂ ਜੀ ਤਾਂ ਬਹੁਤ ਪਿਆਰ ਕਰਨ ਵਾਲੇ ਵਿਅਕਤੀ ਹਨ, ਅਸੀਂ ਤਾਂ ਡਰਦੇ ਹੀ ਰਹੇ। ਸਤਿਗੁਰਾਂ ਦੀ ਦਿੱਤੀ ਮੱਤ ਹੀ ਬੰਦੇ ਨੂੰ ਟਿਕਾਣੇ ਰੱਖਦੀ ਹੈ। ਸਤਿਗੁਰਾਂ ਦੀ ਨਿਕਟਤਾ ਕਾਰਨ ਹੀ ਨਾਮਧਾਰੀ ਵੇਸ਼ਭੂਸ਼ਾ ਨਾਲ ਵਕਾਲਤ ਦਾ ਪੇਸ਼ਾ ਅਪਣਾਇਆ ਪਰੰਤੂ ਵਿਆਹ ਦੀਆਂ ਤਾਰੀਖ਼ਾਂ ਨਿਸਚਤ ਹੋ ਜਾਣ ਨਾਲ ਹੀ ਸਿੰਘ ਸਤਿਗੁਰੂ ਜੀ ਦੀ ਨੇੜਤਾ ਛੱਡ ਗਿਆ। ਹੌਲੀ ਹੌਲੀ ਉਸਦਾ ਪਹਿਰਾਵਾ ਪੈਂਟ ਬੁਰਸਟ ਜਾਂ ਪੈਂਟ-ਕੋਟ ਹੋ ਗਏ। ਬਲਦੇਵ ਸਿੰਘ ਸੰਤ ਬਲਕਾਰ ਸਿੰਘ ਨੂੰ ਦਿਲ ਤੋੜਵੀਂ ਸੱਟ ਲਗਾ ਗਿਆ ਹੈ।

ਬਲਦੇਵ ਸਿੰਘ ਦਾ ਦਾਦਾ ਸੰਤ ਕੰਧਾਰਾ ਸਿੰਘ ਸਤਿਗੁਰਾਂ ਦਾ ਸਿਦਕੀ ਸਿੱਖ ਸੀ। ਉਸਦੀ ਸੰਤਾਨ ਵਿੱਚੋਂ ਇਹੋ ਬਲਕਾਰ ਸਿੰਘ, ਬਲਦੇਵ ਸਿੰਘ ਦਾ ਪਿਤਾ ਗੁਰੂ ਮੁੱਖ ਸੀ। ਇਹ 60 ਏਕੜ ਜ਼ਮੀਨ ਦਾ ਇਕੱਲਾ ਮਾਲਕ ਅਤੇ ਅੱਗੋਂ ਵੀ ਇਕੱਲਾ ਪੁੱਤਰ, ਉਹਦੀ ਵੀ ਵਿਆਹ ਪਿੱਛੋਂ ਦੂਹੁੰ ਮਹੀਨੀਂ ਭਿਆਨਕ ਮੌਤ!

**ਮੇਰਾ ਸਿੱਖੀ ਸਿਦਕ ਨਾ ਜਾਏ –** ਅਸ਼ਕੇ ਸਿਦਕੀ ਸਿੱਖ ਦੇ! ਇਹ ਡਰਾਉਣੀ ਤੇ ਦੁਰਭਾਗ ਪੂਰਣ ਖ਼ਬਰ ਸੁਣ ਕੇ, ਦਿਲ ਤਕੜਾ ਤੇ ਪੀਡਾ ਕਰਕੇ ਰਾਤੋ ਰਾਤ ਕੱਲਾ ਹੀ, ਦੂਜੀ ਮਿਰਤੂ ਦੇ ਪਿਤਾ ਜਗਦੀਸ਼ ਸਿੰਘ ਨਾਲ ਫਤਿਹਾਬਾਦ ਮੌਕੇ ਤੇ ਆਇਆ ਅਤੇ ਲਾਸ਼ ਲੈ ਕੇ ਘਰ ਪਰਤ ਗਿਆ। 11 ਜਨਵਰੀ ਨੂੰ ਦਿਨੇ ਸਸਕਾਰ ਵੇਲੇ ਪਿੰਡ ਤੋਂ ਲੈ ਮੜ੍ਹੀਆਂ ਤੱਕ ਦੁੱਖ ਵਿੱਚ ਸ਼ਰੀਕ ਹੋਏ ਲੋਕ ਹੀ ਲੋਕ ਸਨ। ਸਭ ਰੋਂਦੇ, ਕੁਰਲਾਂਦੇ, ਡੁਸਕਦੇ ਪਰ ਬਲਕਾਰ ਸਿੰਘ ਸੀ ਜਿਸਨੇ ਸਭ ਨੂੰ ਰੋਣੋਂ ਵਰਜਿਆ। ਸਸਕਾਰ ਲਈ ਲੜਕੇ ਦੇ ਸਹੁਰਿਆਂ ਨੂੰ ਵੀ ਨਹੀਂ ਉਡੀਕਿਆ : "ਸਤਿਗੁਰੂ ਸਭ ਕੁਛ ਜਾਣਦਾ ਹੈ, ਉਹਨਾਂ ਆ ਕੇ ਜਿਵਾਲ ਨਹੀਂ ਲੈਣਾ! ਸਸਕਾਰ ਯੋਗ ਵਿਅਕਤੀ ਨੂੰ ਕਾਹਨੂੰ ਉਡੀਕਾਂ ਵਿੱਚ ਰੱਖ ਛੱਡਣਾ ਹੈ।" ਸੰਤ ਬਲਕਾਰ ਸਿੰਘ ਨੇ ਆਖਿਆ : ਬੜੇ ਜੇਰੇ ਤੇ ਜਿਗਰੇ ਨਾਲ, ਬਿਨਾਂ ਇੱਕ ਵੀ ਅੱਥਰੂ ਕੇਰੇ ਸ. ਬਲਦੇਵ ਸਿੰਘ ਨੂੰ ਲਾਂਬੂ ਲਾ ਦਿੱਤਾ! ਸਦਕੇ ਸਿੱਖੀ ਦੇ, ....... ਸ਼ੁਕਰ ਦੇ!

ਸ੍ਰੀ ਸਤਿਗੁਰੂ ਜੀ ਨੇ ਵੀ ਇਸ ਅਫ਼ਸੋਸ ਨਾਕ ਹਾਦਸੇ ਦੀ ਖਬਰ ਸੁਣੀ, ਪਰ ਮੈਂ ਕੋਲ ਨਹੀਂ ਸਾਂ। ਮੈਂ ਤਾਂ ਇਹ ਵੇਖਿਆ ਕਿ 1.30 ਵਜੇ ਪੰਜ ਗੱਡੀਆਂ ਤੇ ਸ੍ਰੀ ਸਤਿਗੁਰੂ ਜੀ ਦੀ ਤਾਬਿਆ ਵਿੱਚ ਸਿੱਖ ਸੇਵਕ ਅਤੇ ਸਰਕਾਰੀ (6) ਗ਼ੈਰ ਸਰਕਾਰੀ (4) ਅੰਗ ਰੱਖਿਅਕ ਕਸਤੂਰਬਾ ਗਾਂਧੀ ਰੋਡ ਤੇ ਸਥਿਤ ਡਾ. ਦੀਵਾਨ ਚੰਦ ਅਗਰਵਾਲ ਦੇ ਹਸਪਤਾਲ ਵੱਲ ਗਏ। 1927 ਤੋਂ ਕਾਇਮ ਇਸ ਨਿਜੀ ਹਸਪਤਾਲ ਵਿੱਚ ਕੈਟ ਸਕੈਨ ਤੋਂ ਲੈ ਕੇ ਹਰ ਪਰਕਾਰ ਦੇ ਸਰੀਰ ਦੀ ਜਾਂਚ ਪਰਖ ਲਈ ਯੰਤਰ ਹਨ, ਜਿਨ੍ਹਾਂ ਨੂੰ ਡਾ. ਇਸਤੇਮਾਲ ਕਰਦੇ ਹਨ। ਏਥੇ, ਅੰਦਰ .......ਗਏ।

ਮੈਂ ਪੂਰਬੇ ਨਾਲ ਪੰਜਾਬ ਹਾਊਸ ਜਾ, ਭਾਸ਼ਾ ਵਿਭਾਗ ਦੇ ਦਫਤਰੋਂ ਮਹਾਭਾਰਤ ਦਾ 7ਵਾਂ ਭਾਗ ਖਰੀਦ ਘਰ ਪਰਤ ਆਇਆ।

**ਚਲਦਾ....**

# Sangat Te Sehat Layi Sangeet (Music for Sangat and well-being)



**-Nihal Kaur (Ghaziabad)**
**99588-74211**

This year *Sri Bhaini Sahib's Dharthee* got to witness the tenth episode of "*Sri Satguru Jagjit Singh Ji Yaadgiri Sangeet Sammelan*" organised annually to commemorate the birth anniversary of Sri Satguruji. Set up in 2013 as a tribute to Satguru Ji's immense contributions in the world of classical music, this stage is not only for extraordinary and new musical talent but also for *Sangeet* maestros to display their years' worth of *Raga Vidiya-Riyaaz* as means to earn *Sewa* of *Sangat* of a Darbar recognised for its musical values and contributions. Even more than just display of their incredible talent and love for *Sangeet*, I believe the stage of this *Sammelan* also serves as an opportunity for them to seek *Pyaar* from *Hazar Satguruji* and indeed, to pay their respects to *Satguru Jagjit Singh Ji* and the *Gurus* from where *Raga* begins to flow.

**Essentiality of Sangeet in Sikhi**

Sikhism, if we note, is increasingly being acknowledged and appreciated for its intensive use of *Sangeet* to accelerate connect with *Akaalpurakh* - the creator. Being able to understand the nuances of *Sangeet* in Sikhi also enables the followers - the Sikhs - to feel more attuned to the better or the more 'Sikh ways' of life as prescribed by *Guru Sahibs*. We understand this from the fact that one of the ways in which most parts of the Gurbani can be explained is in terms of which Raga it has been created, compiled or written in. Remembering Satguru Partap Singh Ji's *Updesh* conveying how first the name of the Raga was written, and then the Baani was pronounced, highlighting the attention given to the Raga.

***Anhad Naad*** is another worth mentioning thought provoking *Veechaar***.** Literally, it may be said to be a sound sans limit. Some claim it to be the primordial sound that has always existed and will always do. Some claim it to be the fundamental of life – like the word 'Aum.' This is also what the spiritual souls – the Siddhas – recognised that there happens to be a clear connection between sound and the mind. They discovered that following this *Anhad Naad* within oneself to be one of the pathways to Siddhi.

In most meditation practices, too, which the world has now come to believe in so passionately, the meditator is to follow this ever-pervading sound 'within' to set up a connect with the divine which is only possible when all other material awareness is gradually mumbled and then turned off until this inner sound is brought into focus.

Classical music is, after all, a certain mathematical arrangement or structure of sounds. And this whole Creation is basically a complex amalgamation of sounds, or reverberations. (Sadhguru, 2014)

**Music's effect on our brains and bodies**

Overall, sounds or its structured version music – hereby, Classical music or *Sangeet* is boundlessly influential on us and is mostly an emotional experience for us all, be it practicing it or simply immersing in it. Yet, how many of us ever appreciate how classical music affect our mood? There are so many established techniques to understand precisely how the brain creates, interprets, and reacts to music, starting with its most basic building block: sound. *(Sharma and Silbersweig, 2018)*

In this article, we are not going to dissect the physiological effects music or sound has on the brain but will briefly know how our bodies interact with it as a whole and how humans benefit from it. It is funny, though, as most of us do not need theories or research to explain the emotions we experience from music in our daily lives.

Starting off, we want to accept that these are quiet effects and are sub-consciously regulated. However, our bodies may respond to good music in both conscious and unconscious ways. While we may take the influence of music for granted, there are complex interactions occurring in our brains and bodies that affect our physical movement, thoughts, and feelings. When we listen to music, our bodies respond automatically. We breathe in time, move in time, and our hearts may even beat in time. *(Clark, Baker, & Taylor, 2016)*

To sum up the beauty of it, in the words of *Bade Ghulam Ali Khan* (1902-1968),"*If in every home one child was taught Hindustani classical music, Bharat would never have been partitioned.*" Which epitomises that engaging with music sensitises the soul.

**Classical music for well-being**

Herein, I am thrilled to bring in the knowledge that now classical music is widely being used for treating so many kinds of physical diseases and psycho-somatic conditions ranging from respiratory diseases like Asthma *(Wade, 2002)* being aided with singing practices to conditions like Clinical Depression/General Anxiety Disorder. Scientific research also suggests that listening to music can have positive psychological benefits *(Warren, 2016)*. It means that irrespective of whether we are dealing with a disease, listening to, or engaging with music adds to our well-being. Such as listening to and performing music reactivates areas of the brain associated with memory, reasoning, speech, emotion, and reward *(Fabiny, 2015)* and supports significantly in one's emotional regulation *(Cook et al, 2017).*

**Satguru Ji's unfathomable vision - shared access to Sangeet**

It is a shame that there was a time when *Sangeet* in its purest form did not exist for the masses. Not to look down on cultural or religious values of certain groups, but some communities still prohibit its members from engaging with music in any way. *Sangeet's* limited access to the common people can be either explained (and not justified) in technological sense or as a pure consequence of classism.

Laura Leante, writes in "Musicians and

their audiences: Performances, Speech and Mediation" *(Tsioulakis and Hytonen-Ng, 2017)* that the North Indian (or Hindustani) music initially developed in a courtly environment under aristocratic patronage. Before the twentieth century, it was played by a group of mostly hereditary performers majorly to seek the appreciation from an elite audience of connoisseurs. It was only after the high-level abolition of these courts, during the last century, that Hindustani classical music became the domain of the growing Indian middle classes - the masses.

Unsurprisingly, still it is not an easy task to arrange for tickets to a classical music concert for a common person, if at all it is monetarily affordable. Creators of YouTube and other internet sources & people who selflessly share precious music on these platforms have all my heart for these reasons. However, these shall never replace the experience of seeing the musician creating music live in front of our eyes. One of the many reasons because of which my hands come together and my-self bows down to Satguru Ji and the Namdhari Panth.

These *Sangeet Sammelans*, followed by so many similar events being organised round the year and around the globe, as well as daily *Asa Ji Di Vaars* where anybody and everybody is heartily welcome to join and lose oneself in the music of some of the most established musicians, are nothing but an embodiment of Satguru ji's otherwise unfathomable vision and love for their beloved Sangat... to bring to them the best of the best, always.

**References:**


Fabiny, A. (2015, Feb). *Music can boost memory and mood.* Retrieved November 2022, from Harvard Health Publishing: https://www.health.harvard.edu/mind-and-mood/music-can-boost-memory-and-mood

Clark, I. N., Baker, F. A., & Taylor, N. F. (2016). The modulating effects of music listening on health-related exercise and physical activity in adults: A systematic review and narrative synthesis. *Nordic Journal of Music Therapy, 25*, 76-104. doi:10.1080/08098131.2015.1008558

Cook, T., Roy, A. R. K., & Welker, K. M. (2017). Music as an emotion regulation strategy: An examination of genres of music and their roles in emotion regulation. Psychology of Music, 47(1), 144–154. https://doi.org/10.1177/0305735617734627

Sadhguru. (2014, November). Can Classical Music Heal? | Sadhguru. <https://www.youtube.com/@sadhguru>

Sharma, S., &Silbersweig, D. (2018). Setting the Stage: Neurobiological Effects of Music on the Brain. *Crossroads of Music and Medicine*.

Tsioulakis, I., &Hytonen-Ng, E. (Eds.). (2017). *Musicians and their Audiences: Performance, speech, and mediation. New* York: Routledge.

Wade, L. M. (2002). A comparison of the effects of vocal exercises/singing versus music-assisted relaxation on peak expiratory flow rates of children with asthma. *Music Therapy Perspectives, 20*, 31-37. doi: 10.1093/mtp/20.1.31

Warren, M. (2016). *The Impact of Music Therapy on Mental Health.* Retrieved November 2022, from National Alliance on Mental Illness: https://www.nami.org/Blogs/NAMI-Blog/ December-2016/The-Impact-of-Music-Therapy-on-Mental-Health


..................................................

# A Saga Of
# Sri Satguru Jagjit Singh Ji



**Dr. Sharada Jayagovind**

Gurmukh Singh said that during this phase of his life, when people visited Satguru Jagjit Singh ji, he would not talk much but smile and bless them. When Vishwa Hindu Parishad leader Ashok Singhal ji paid a visit to Sri Bhaini Saheb, he requested Patsha ji for a message. Patshah ji was silent for a long time. When

Ashok Singhal ji insisted, Patshah ji said:

"All parties should stop fighting and work for the nation."

When Zakir Hussain, the tabla maestro, came to Sri Bhaini Sahib to seek the blessings of Satguru Jagjit Singh ji, the artiste played the tabla in Patsha ji's presence at the residence of His Holiness. Satguru ji silently showered his blessings on him. Even national leaders like Mrs. Indira Gandhi, Manmohan Singh ji, Atal Bihari Vajpayee ji, L.K. Advani ji and leaders from Punjab such as Sardar Beant Singh ji and Parkash Singh Badal ji, held Patsha ji in high regard and sought his blessings.

The evening of this glorious life was gentle and beautiful. Satguru Jagjit Singh ji's wishes for the Namdhari sangat had been fulfilled. He had kept his word to his father and Satguru and had firmly set the Namdhari Sikhs on the path of spiritual and material prosperity. Patsha ji had once said:

"I do not want any Namdhari Sikh to be poor."

In addition to the material prosperity, the community had arrived on the national and international scene.

Namdhari Sikhs excelled in all fields of life. The musicians groomed by Patsha ji made their mark internationally, Namdhari Hockey XI went on to become a brand name and members of the team made it to the Olympics. In the field of horticulture and agriculture, Namdhari Seeds reached the zenith. Satguru Partap Singh Hospitals, Ludhiana, provide healthcare to thousands of underprivileged who were so dear to Patsha ji's heart.

After leading a fruitful and pious life of fulfilment for 92 years, on 13 December 2012, Patsha ji shed the mortal coil.

For a while, it was difficult for the sangat to come to terms that their beloved Patsha ji was not physically present with them. Lakhs of mourners marched past the physical frame kept in Partap Mandir at Sri Bhaini Sahib and paid their last respects. A sea of humanity had come to have

a final glimpse of the avatar purush who had guided them through their lives. The mournful music which reverberated in the hall found an echo in the hearts of the mourners who too wailed "Tu beant, tu beant..." - O Satguru, thou art immortal, thou art eternal."

Indeed, this conqueror of hearts conquered death and lives on in the minds and hearts of his devotees and disciples.

As we come to the close of the saga of this great son of Bharat, let his words of wisdom reverberate in our ears and minds and guide us through life:

"Why are we born? What is the purpose of life? These are profound questions and their answers are only understood with the help of a Guru. A Satguru's biggest benefaction to us is the blessing of naam which is essential for spiritual enlightenment."

"Once, on a visit to a carpenter's workshop, I witnessed the process of seasoning wood. The entire process is quite arduous and the wood goes through various severities. It is exposed to high temperatures and pressed multiple times to harden it... Eventually, the seasoned wood becomes so strong that it neither expands nor shrinks when exposed to extreme weathers. Similarly, when a Sikh seeks the sanctuary of his Satguru, his journey along the prescribed path shown by his Satguru can seem arduous. However, like the seasoned wood, he is liberated from vices such as lust, rage, greed, attachment and pride and is bestowed with virtues such as truthfulness, contentment and faith."

"Namdharis are praised for their patriotism and their supreme sacrifices for the freedom of India. Let us pray to Almighty Lord that we remain as such...the Namdharis were able to lay down their lives for the freedom of their country because of the blessings of their Satguru Ram Singh ji. These blessings were the reason that they remained detached from worldly pleasures and attained spiritual enlightenment." (Source: Sri Satguru Jagjit Singh ji: Discourses, Page 122-123)

As the holy words of the Gurbani describe:

ਅੰਤੁ ਨ ਸਿਫਤੀ ਕਹਣਿ ਨ ਅੰਤੁ॥

Ant na sifti kahan na ant.

Endless are His Praises, endless are those who speak them.

ਅੰਤੁ ਨ ਕਰਣੈ ਦੇਣਿ ਨ ਅੰਤੁ॥

Ant na karnai den na ant.

Endless are His Actions, endless are His Gifts.

ਅੰਤੁ ਨ ਵੇਖਣਿ ਸੁਣਿਣ ਨ ਅੰਤੁ॥

Ant na vekhan sunan na ant.

Endless is His Vision, endless is His Hearing.

**To be continued......**

# ਖ਼ਬਰਨਾਮਾ

## ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਿਤਾ

ਮਨੁੱਖ ਦੇ ਜੀਵਨ ਨੂੰ ਭਾਵਨਾਤਮਕ ਅਤੇ ਕਲਾਤਮਕ ਰੂਪ 'ਚ ਆਨੰਦਿਤ ਕਰਨ ਵਾਲੀਆਂ ਸਾਰੀਆਂ ਲਲਿਤ ਕਲਾਵਾਂ 'ਚੋ ਸੰਗੀਤ ਨੂੰ ਸਭ ਤੋਂ ਪਹਿਲੇ ਥਾਂ ਤੇ ਰਖਿਆ ਗਿਆ ਹੈ। ਗਾਇਨ ਵਾਦਨ ਅਤੇ ਨ੍ਰਿਤ ਸੰਗੀਤ ਦੇ ਤਿੰਨ ਅੰਗ ਹਨ।

ਸੰਗੀਤ ਵਿਚਾਰ ਦੇ ਬੋਧ ਨੂੰ ਸ਼ਬਦਾਂ ਅਤੇ ਵਾਕਾਂ ਦੇ ਨਾਲ ਜਾਂ ਇਹਨਾਂ ਤੋਂ ਬਿਨਾਂ ਸ੍ਵਰ, ਲੈਅ, ਤਾਲ ਅਤੇ ਸੁਰ ਦੇ ਸੰਜੋਗ ਨਾਲ ਵਿਅਕਤ ਕਰਨ ਦੀ ਕਲਾ ਹੈ।

ਭਾਸ਼ਾਵਾਂ ਦੀ ਉਤਪਤੀ ਅਤੇ ਵਿਕਾਸ ਮਨੁੱਖੀ ਸਰੀਰ ਦੀ ਰਚਨਾ ਤੋਂ ਬਾਅਦ ਵਿੱਚ ਹੋਇਆ ਹੈ ਜਦਕਿ ਸੰਗੀਤ ਅਨਾਹਤ ਨਾਦ ਦੇ ਰੂਪ ਵਿੱਚ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਤੋਂ ਹੈ ਅਤੇ ਆਹਤ ਨਾਦ ਦੇ ਰੂਪ ਵਿੱਚ ਬ੍ਰਹਿਮੰਡ ਦੀ ਰਚਨਾ ਦੇ ਨਾਲ ਹੀ ਸ਼ੁਰੂ ਹੋਇਆ ਹੈ।

ਅਨਾਹਤ ਨਾਦ ਉਹ ਧ੍ਵਨਿ ਹੈ ਜਿਹੜੀ ਬਿਨਾਂ ਕਿਸੇ ਘਰਸ਼ਨ ਅਤੇ ਬਿਨਾਂ ਕਿਸੇ ਆਹਤ (ਸਟ) ਦੇ ਅਪਣੇ ਆਪ ਪ੍ਰਗਟ ਹੁੰਦੀ ਹੈ, ਇਸ ਨੂੰ ਅਨਹਦ ਨਾਦ ਵੀ ਆਖਦੇ ਹਨ। ਇਸਨੂੰ ਈਸ਼ਵਰ ਦੀ ਭਾਸ਼ਾ ਵੀ ਆਖਿਆ ਜਾ ਸਕਦਾ ਹੈ। ਜਿਸਦਾ ਅਨੁਭਵ ਅਧਿਆਤਮ ਮਾਰਗ ਤੇ ਗਹਿਰੇ ਉਤਰਨ ਵਾਲੇ ਸਾਡੇ ਰਿਸ਼ੀ ਮੁਨੀ, ਸਿੱਧ, ਸਾਦਿਕ ਕਰਦੇ ਹਨ, ਪਰ ਇਹ ਅਨਹਦ ਨਾਦ ਤੱਕ ਪਹੁੰਚਣ ਦਾ ਰਸਤਾ ਆਹਤ ਨਾਦ ਜਾਂ ਇੰਜ ਆਖ ਸਕਦੇ ਹਾਂ ਕਿ ਸੰਗੀਤ ਤੋ ਹੀ ਆਰੰਭ ਹੁੰਦਾ ਹੈ ਓਮ ਜਾਂ ਓਂਕਾਰ ਦਾ ਉਚਾਰਨ ਸੰਗੀਤ ਮਈ ਹੈ ਅਤੇ ਅਧਿਆਤਮ ਦਾ ਮੂਲ ਹੈ।

ਮਨ ਦੇ ਭਾਵਾਂ ਨੂੰ ਪ੍ਰਭਾਵਿਤ ਕਰਨ ਦੀ ਸ਼ਮਤਾ ਸੰਗੀਤ ਵਿੱਚ ਭਾਸ਼ਾ ਤੋਂ ਕਿਤੇ ਵਧੇਰੀ ਹੈ। ਜਦੋਂ ਸ਼ਬਦ ਜਾਂ ਵਾਕ ਵਿਚ ਇਕ ਸਵਰ ਤੋਂ ਦੂਜੇ ਸਵਰ ਤੱਕ ਦੇ ਵਿੱਚ ਦੀ ਖਾਲੀ ਥਾਂ ਨੂੰ ਸੁਰ ਲੈਅ ਤਾਲ ਦੇ ਨਾਲ ਭਰ ਦਿੱਤਾ ਜਾਂਦਾ ਹੈ ਓਦੋਂ ਉਸ ਵਿਚ ਵੇਦਨਾ ਅਨੁਰਾਗ ਪ੍ਰੇਮ ਵੈਰਾਗ ਅਤੇ ਭਗਤੀ ਰਸ ਬਹੁਤ ਜਿਆਦਾ ਅਸਰਦਾਈ ਹੋ ਜਾਂਦਾ ਹੈ ਅਤੇ ਭਾਸ਼ਾ ਤੋਂ ਲਿਤੇ ਹੋਏ ਸ਼ਬਦ ਹੀ ਹਿਰਦੇ ਦੇ ਅੰਦਰ ਗਹਿਰੇ ਉਤਰਦੇ ਹਨ। ਕਹਿਣ ਅਤੇ ਸੁਣਨ ਵਾਲੇ ਨੂੰ ਭਾਵ ਪੂਰਨ ਕਰਨ ਦੀ ਜਿਆਦਾ ਸ਼ਕਤੀ ਰੱਖਦੇ ਹਨ। ਸੰਗੀਤ ਦੇ ਇਹ ਭਾਵ ਪੂਰੇ ਵਿਸ਼ਵ ਵਿਚ ਸੰਜੁਕਤ ਹਨ ਭਾਸ਼ਾਵਾਂ ਦੇ ਭੇਦ ਤੋਂ ਪਰੇ ਹਨ। ਇਸੇ ਲਈ ਅਧਿਆਤਮ ਦੇ ਪਾਂਧੀਆਂ ਲਈ ਤਾਂ ਸੰਗੀਤ ਦਾ ਬਹੁਤ ਮਹੱਤਵ ਹੈ।

ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨਾਂ ਨੇ ਪਰਮਾਰਥ ਅਤੇ ਸਮਾਜ ਕਲਿਆਣ ਲਈ ਗੁਰਬਾਣੀ ਦਾ ਉਚਾਰਨ ਕਰਦਿਆਂ ਸਾਰੀ ਗੁਰਬਾਣੀ ਰਾਗਾਂ ਵਿੱਚ ਉਚਾਰਨ ਕੀਤੀ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਭਰ ਵਿੱਚ ਵਿਲੱਖਣ ਰਚਨਾ ਹੈ ਜਿਹੜੀ ਸਾਰੀ ਦੀ ਸਾਰੀ ਰਾਗ ਬਧ ਹੈ। ਰਾਗ ਆਸਾ, ਬਿਲਾਵਲ, ਸੂਹੀ, ਤੁਖਾਰੀ, ਮਾਝ, ਗੁਜਰੀ, ਦੇਵ, ਗੰਧਾਰੀ, ਤੋੜੀ, ਸੋਰਠ ਆਦਿ 31 ਰਾਗਾਂ ਵਿੱਚ ਗੁਰਬਾਣੀ ਰਚਿਤ ਹੈ।

ਗੁਰੂ ਨਾਨਕ ਦੇਵ ਜੀ ਭਗਤੀ ਭਾਵ 'ਚ ਜਦੋਂ ਨਿਰੰਕਾਰ ਦੇ ਗੁਣ ਗਾਇਨ ਕਰਦੇ ਸਨ ਉਸ ਸਮੇਂ ਰਬਾਬ ਦੀ ਮਿਠਾਸ ਦੇ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਨ ਵਾਲਿਆ ਨੂੰ ਭਗਤੀ ਰਸ ਨਾਲ ਸਰਾਬੋਰ ਕਰ ਦਿੰਦੀ। ਕੀਰਤਨ ਦੀ ਇਹੀ ਪ੍ਰੰਪਰਾ ਬਾਕੀ ਗੁਰੂ ਸਾਹਿਬਾਨਾਂ ਦੇ ਸਮੇਂ ਵੀ ਚਲਦੀ ਰਹੀ ਅਤੇ ਸਰੰਦਾ, ਇਸਰਾਜ, ਤਾਊਸ਼ ਗੁਰੂ ਘਰ ਵਿੱਚ ਗੂੰਜਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜੰਗ ਜੁੱਧ ਦੇ ਦਿਨਾਂ ਵਿੱਚ ਵੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਜੁੱਧ ਸਮੇਂ ਸੁਤੰਤਰਤਾ ਅਤੇ ਜਿੱਤ ਦਾ ਪ੍ਰਤੀਕ ਰਣਜੀਤ ਨਗਾਰਾ ਵਜਾਇਆ ਜਾਂਦਾ।

ਸਮੇਂ ਦੇ ਨਾਲ ਅਤੇ ਅੰਗਰੇਜ਼ ਹਕੂਮਤ ਦੇ ਗੁਲਾਮ ਭਾਰਤ ਵਿੱਚ ਸ਼ਾਸਤਰੀ ਸੰਗੀਤ ਦੀ ਥਾਂ ਖੁੱਲ੍ਹੀ ਅਤੇ ਪਛਮੀ ਸੰਗੀਤ ਦਾ ਚਲਨ ਵਧਣਾ ਸ਼ੁਰੂ ਹੋ ਗਿਆ। ਸਿਨੇਮਾ ਦੇ ਸੰਗੀਤ ਨੇ ਭਾਰਤੀ ਸ਼ਾਸਤਰੀ ਸੰਗੀਤ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ। ਕਿਉਂਕਿ ਹੁਣ ਸੰਗੀਤ ਦੇ ਸਰੋਤੇ ਰਾਜੇ ਰਜਵਾੜੇ ਤਾਂ ਰਹੇ ਨਹੀਂ ਸਨ। ਸਿੱਖ ਗੁਰਦੁਆਰਿਆਂ ਵਿੱਚ ਵੀ ਰਵਾਇਤੀ ਕੀਰਤਨ ਸ਼ੈਲੀ 'ਚ ਬਦਲਾਵ ਆ ਗਿਆ। ਤੰਤੀ ਸਾਜ਼ਾਂ ਦੀ ਥਾਂ ਹਰਮੋਨੀਅਮ ਨੇ ਲੈਣੀ ਸ਼ੁਰੂ ਕਰ ਦਿੱਤੀ। ਰਾਗ ਬੱਧ ਰੀਤਾਂ ਦੀ ਥਾਂ ਤੇ ਫਿਲਮੀ ਤਰਜ਼ਾਂ ਨਾਲ ਵੀ ਕੁਝ ਲੋਕ ਕੀਰਤਨ ਕਰਨ ਲੱਗ ਪਏ ਸਨ। ਪਰ ਦੂਜੇ ਪਾਸੇ ਨਾਮਧਾਰੀ ਸਿੱਖ ਜਗਤ ਦੇ ਮਹਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਪੁੱਤਰ ਬਾਬਾ ਜਗਜੀਤ ਸਿੰਘ ਜੀ ਨੂੰ ਬਚਪਨ ਤੋਂ ਹੀ ਸੰਗੀਤ ਦੀ ਸਿੱਖਿਆ ਪੁਰਾਣੇ ਰਬਾਬੀਆਂ ਅਤੇ

ਕੀਰਤਨੀਆਂ ਪਾਸੋਂ ਦਵਾਈ ਅਤੇ ਇਸ ਗੱਲ ਲਈ ਦ੍ਰਿੜ ਕੀਤਾ ਹੋਇਆ ਸੀ ਕਿ ਸਿੱਖ ਦੇ ਹਰ ਬੱਚੇ 'ਚੋ ਰਾਗ ਦੀ ਕੁਝ ਨਾ ਕੁਝ ਖੁਸ਼ਬੋ ਜਰੂਰ ਆਉਣੀ ਚਾਹੀਦੀ ਹੈ। ਇਸੇ ਲਈ ਗੁਰੂ ਗੱਦੀ ਤੇ ਬੈਠਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਤਾਂ ਕੀਤੀ ਹੀ ਭਾਰਤ ਵਿਚ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਵੀ ਰਹਿਨੁਮਾਈ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਸੁਰ, ਲੈਅ, ਤਾਲ ਦੇ ਮਹਾਨ ਵਿਦਵਾਨ ਅਤੇ ਸਾਦਿਕ ਸਨ। ਆਲੌਕਿਕ ਅਵਾਜ਼ ਦੇ ਨਾਲ-ਨਾਲ ਰਾਗ ਵਿਦਿਆ ਦੇ ਧਨੀ ਸਨ। ਉਹ ਕਲਾਤਮਕ ਹੀ ਨਹੀਂ ਰਚਨਾਤਮਕ ਵੀ ਸਨ। ਧਰੁਪਦ, ਧਮਾਰ, ਠੁਮਰੀ ਦੇ ਨਾਲ ਨਾਲ ਗਾਇਕੀ ਦੀ ਹਰ ਸ਼ੈਲੀ ਨੂੰ ਸਹਿਜ ਹੀ ਨਿਬਾਓਣਾ ਆਪ ਜੀ ਜੀ ਦੀ ਵਿਸ਼ੇਸ਼ ਕਲਾ ਸੀ। ਪਉਣੀ ਅਤੇ ਸਵਾਈ ਮਾਤਰਾ 'ਚ ਬੰਦਿਸ਼ਾਂ ਤਿਆਰ ਕਰਨੀਆਂ ਅਤੇ ਦਿਲਰੁਬਾ 'ਤੇ ਤਰਬਕਾਰੀ ਕਰਨਾ ਆਪ ਜੀ ਦਾ ਰਚਨਾਤਮਕ ਪੱਖ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਖਰਾਂ ਦੀ ਸੰਗੀਤ ਪ੍ਰਬੀਨਤਾ ਹੀ ਹੈ ਕਿ ਉਨ੍ਹਾਂ ਕਦੇ ਸੰਗੀਤ ਪ੍ਰੇਮ 'ਚ ਸਮੁੰਦਰ ਰੂਪੀ ਸੰਗੀਤ ਚ ਕਦੇ ਗਹਿਰੇ ਉਤਰਨਾ ਤੇ ਕਦੇ ਉਪਰ ਛਲਾਂ 'ਚ ਉਲਾਸ ਕਰਨਾਂ। ਘੰਟਿਆ ਬੱਧੀ ਸੰਗੀਤ ਬੈਠਕਾਂ 'ਚ ਸਮੇਂ ਸੀਮਾ ਤੋਂ ਬੇਪਰਵਾਹ ਮਗਨ ਰਹਿਣਾ ਆਪ ਜੀ ਦੇ ਦਰਵੇਸ਼ ਪੁਣੇ ਅਤੇ ਫ਼ਕੀਰੀ ਮਿਜ਼ਾਜ਼ ਨੂੰ ਜਾਹਰ ਕਰਦਾ ਸੀ, ਤੇ ਦੂਜੇ ਕਿਸੇ ਵੀ ਗੁਣੀ ਸੰਗੀਤ ਕਾਰ ਨੂੰ ਮਾਲੀ ਹਾਲਤ ਕਰਕੇ ਸੰਗੀਤ ਤੋਂ ਵੱਖਰੇ ਹੁੰਦਿਆ ਵੇਖ ਉਸਦੀ ਸਹਾਇਤਾ ਕਰ ਮੁੜ ਸੰਗੀਤ ਨਾਲ ਜੁੜੇ ਰਹਿਣ ਲਈ ਸਮਰੱਥ ਕਰਨਾ। ਬਿਨਾਂ ਕਿਸੇ ਲਾਲਚ ਦੇ ਅਨੇਕਾਂ ਬੱਚਿਆ ਨੂੰ ਵਡੇ-ਵਡੇ ਸੰਗੀਤ ਕਾਰਾਂ ਨਾਲ ਉਸਤਾਦੀ ਸ਼ਾਗਿਰਦੀ ਕਰਵਾਉਣੀ, ਓਹਨਾ ਦੇ ਸੰਗੀਤ ਸਿੱਖਣ ਲਈ ਆਪ ਖਰਚ ਖੇਚਲ ਕਰਨਾ। ਬਿਨਾਂ ਕਿਸੇ ਐਂਟਰੀ ਟਿਕਟ ਦੇ ਵੱਡੇ-ਵੱਡੇ ਸੰਗੀਤ ਸੰਮੇਲਨ ਕਰਾਉਣੇ। ਗੁਣੀ ਜਨਾਂ ਨੂੰ ਪਿਆਰ ਸਤਿਕਾਰ ਦੇ ਨਾਲ ਓਹਨਾਂ ਦੀ ਸੋਚ ਤੋਂ ਕਿਤੇ ਵਧ ਪਰਿਤੋਸ਼ ਦੇਣਾ। ਸੰਗੀਤ ਲਈ ਆਪਦੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਰਹੇ। ਆਪ ਜੀ ਸੰਗੀਤ ਨੂੰ ਭਗਤੀ ਦਾ ਪੱਖ ਹੀ ਮੰਨਿਆ ਅਤੇ ਸੰਗੀਤ ਦੀ ਸੇਵਾ ਸੰਭਾਲ ਕੀਤੀ।

ਆਪ ਜੀ ਇਹ ਸਭ ਲੀਲਾਵਾਂ ਕਰ ਬ੍ਰਹਮ 'ਚ ਲੀਨ ਹੋਏ ਤਾਂ ਸਿੱਖੀ ਜਗਤ ਦੇ ਨਾਲ-ਨਾਲ ਸੰਗੀਤ ਜਗਤ ਵਿਚ ਵੀ ਸੋਗ ਛਾ ਗਿਆ। ਕਿਉਂਕਿ ਸੰਗੀਤ ਦੀ ਖੇਤੀ ਨੂੰ ਊਰਜਾ ਦੇਣ ਵਾਲਾ ਸੂਰਜ ਅਸਤ ਹੋ ਗਿਆ ਸੀ। ਆਪ ਜੀ ਦੀ ਥਾਂ ਤੇ ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ। ਸਤਿਗੁਰੂ ਉਦੇ ਸਿੰਘ ਜੀ ਨੇ ਸਹਿਜਤਾ ਨਾਲ ਹੀ ਸਿੱਖੀ ਬਾਗ਼ ਨੂੰ ਫੇਰ ਸਿੰਜ ਲਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਰੰਭੇ ਹਰ ਕਾਰਜ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸ੍ਰੀ ਭੈਣੀ ਸਾਹਿਬ ਵਿੱਚ ਫੇਰ ਸੰਗੀਤ ਅਤੇ ਗੁਰਮਤਿ ਕੀਰਤਨ ਦਾ ਪ੍ਰਚਾਰ ਪ੍ਰਸਾਰ ਹੋਣ ਲੱਗ ਗਿਆ। ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਾਲਾਨਾ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਕਰਵਾਉਣੇ ਸ਼ੁਰੂ ਕਰ ਦਿੱਤੇ। ਦੇਸ਼ਾਂ-ਵਿਦੇਸ਼ਾਂ 'ਚ ਹੋਰ ਥਾਵਾਂ ਤੇ ਵੀ ਸਮੇਂ-ਸਮੇਂ ਸਿਰ ਸੰਗੀਤ ਸੰਮੇਲਨ ਕਰਵਾਏ। ਜਿਨਾਂ 'ਚ ਭਾਰਤ ਦੇ ਚੋਟੀ ਦੇ ਕਲਾਕਾਰ ਸ਼ਿਰਕਤ ਕਰਦੇ ਹਨ ਅਤੇ ਪੁਰਾਣੇ ਸਮੇਂ ਨੂੰ ਯਾਦ ਕਰਦੇ ਨੇ ਇਹ ਸਿਲਸਿਲਾ ਜਾਰੀ ਹੈ।

ਸਤਿਗੁਰੂ ਉਦੇ ਸਿੰਘ ਜੀ ਦੀ ਅਗਾਂਹਵਧੂ ਸੋਚ ਨੇ ਭਾਰਤੀ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਇੱਕ ਨਵਾਂ ਪਖ ਜੋੜਨ ਦਾ ਮਨ ਬਣਾਇਆ। ਉਹ ਸੀ ਭਾਰਤ ਦੇ ਹਰ ਕੋਨੇ 'ਚ ਸੰਗੀਤ ਸਿੱਖਣ ਵਾਲੇ ਨਵੇਂ ਕਲਾਕਾਰਾਂ ਨੂੰ ਉਤਸ਼ਾਹ ਦੇਣ ਲਈ ਇਕ ਐਸਾ ਮੰਚ ਤਿਆਰ ਕਰਨਾ ਜਿੱਥੇ ਆ ਕੇ ਓਹ ਆਪਣੀ ਪ੍ਰਤਿਭਾ ਨੂੰ ਜਗ ਜਾਹਿਰ ਕਰ ਸਕਣ। ਆਪ ਜੀ ਨੇ ਸ਼ਾਸਤਰੀ ਸੰਗੀਤ ਦੀ ਪ੍ਰਤਿਯੋਗਿਤਾਵਾਂ ਦੀ ਲੜੀ ਚਲਾਉਣ ਦਾ ਵਿਚਾਰ ਬਣਾ ਲਿਆ ਅਤੇ ਇਸ ਸ਼ੁਭ ਕਾਰਜ ਨੂੰ ਨਾਮ ਦਿੱਤਾ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਿਤਾ ਕਿਉਂਕਿ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਜੀਵਨ ਭਰ ਸੰਗੀਤ ਦੀ ਸੇਵਾ ਲਈ ਕੀਤੇ ਮਹਾਨ ਕਾਰਜਾਂ ਨੂੰ ਇਹ ਇਕ ਸੱਚੀ ਅਕੀਦਤ ਭੇਟ ਕਰਨ ਵਾਂਗ ਹੀ ਹੈ।

ਸਤਿਗੁਰੂ ਉਦੇ ਸਿੰਘ ਜੀ ਦੇ ਸੋਚੇ ਕਾਰਜ ਦਾ ਪੱਧਰ ਖਰਚ ਖੇਚਲ ਕਰਕੇ ਤਾਂ ਕਦੇ ਵੀ ਛੋਟਾ ਹੋ ਹੀ ਨਹੀਂ ਸਕਦਾ। ਆਪ ਜੀ ਵੀ ਉਸ ਬੇਪਰਵਾਹ ਸਤਿਗੁਰੂ ਜਗਜੀਤ ਸਿੰਘ ਜੀ ਵਾਲੀ ਕਾਰ ਚਲਾਈ ਹੋਈ ਹੈ। ਸੋ ਇਸ ਸੰਗੀਤ ਪ੍ਰਤੀਯੋਗਿਤਾ ਦੀ ਲੜੀ ਦੇ ਪੈਟਰਨ ਪੰਡਤ ਸਾਜਨ ਮਿਸ਼ਰਾ ਜੀ, ਪੰਡਤ ਯੋਗੇਸ਼ ਸ਼ਮਸੀ ਜੀ ਅਤੇ ਸੰਗੀਤ ਦੇ ਮਹਾਨ ਵਿਦਵਾਨ ਪੰਡਤ ਅਜੇ ਚੱਕਰਵਰਤੀ ਜੀ ਨੂੰ ਬਣਾਇਆ ਗਿਆ। ਰਾਗੀ ਬਲਵੰਤ ਸਿੰਘ ਜੀ ਅਤੇ ਕਰਨ ਪਾਲ ਸਿੰਘ ਨਾਲ ਟੀਮ ਤਿਆਰ ਕੀਤੀ ਗਈ ਅਤੇ ਸਤਿਗੁਰੂ ਜੀ ਦੀ ਸੋਚ ਰੂਪਮਾਨ ਹੋਣੀ ਆਰੰਭ ਹੋ ਗਈ। ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਿਤਾ ਲਈ ਕਾਰਜ ਸ਼ੁਰੂ ਹੋਏ ਸਭ ਤੋਂ ਪਹਿਲਾਂ ਪ੍ਰਤੀਯੋਗਿਤਾ ਦੀ ਸਾਰੀ ਵਿਉਂਤ ਬੰਦੀ ਤੇ ਪੋਸਟਰ ਬਣਾ ਕੇ ਸ਼ੋਸ਼ਲ ਮੀਡੀਆ ਰਾਹੀਂ

ਅਤੇ ਦੇਸ਼ ਭਰ ਦੇ ਸੰਗੀਤ ਵਿਦਿਆਲਿਆ 'ਚ ਕਲਾ ਕੇਂਦਰਾਂ 'ਚ ਪਹੁੰਚਾਏ ਗਏ। ਜਿਸ ਵਿਚ ਜਾਣਕਾਰੀ ਸੀ ਅਤੇ ਰਜਿਸਟਰੇਸ਼ਨ ਲਈ ਲਿੰਕ ਸੀ। ਜਿਸਤੋਂ ਕੋਈ ਵੀ ਪ੍ਰਤੀਯੋਗੀ ਅਪਣੇ ਆਪ ਨੂੰ ਇਸ ਪ੍ਰਤੀਯੋਗਤਾ ਲਈ ਰਜਿਸਟਰ ਕਰ ਸਕਦਾ ਸੀ। 12-16 ਸਾਲ ਤੱਕ ਉਮਰ ਜੂਨੀਅਰ ਵਰਗ ਅਤੇ 16-25 ਸਾਲ ਸੀਨੀਅਰ ਵਰਗ ਲਈ ਨਿਸ਼ਚਿਤ ਕੀਤੀ ਗਈ ਸੀ। ਇਨਾਮ ਦੀ ਰਾਸ਼ੀ ਵੀ ਬੜੀ ਆਕਰਸ਼ਕ ਸੀ। ਕੁਲ ਇਨਾਮ ਪੰਜ ਲੱਖ ਰੁਪਏ ਰੱਖੀ ਗਈ ਜੂਨੀਅਰ ਵਰਗ 'ਚ ਪਹਿਲੇ ਦੂਜੇ ਤੀਜੇ ਸਥਾਨ ਲਈ 51000, 31000, 21000 ਤੇ ਸੀਨੀਅਰ ਵਰਗ ਲਈ 100000, 70000, 50000 ਪਹਿਲੇ ਦੂਜੇ ਤੀਜੇ ਨੰਬਰ ਦੇ ਜੇਤੂਆਂ ਲਈ ਰੱਖਿਆ ਗਿਆ ਸੀ। ਇਸ ਤੋਂ ਇਲਾਵਾ ਫਾਈਨਲ ਰਾਊਂਡ ਵਿਚ ਪਹੁੰਚਣ ਵਾਲੇ ਹਰ ਸੀਨੀਅਰ ਨੂੰ 10000 ਅਤੇ ਜੂਨੀਅਰ ਨੂੰ 5000ਦਾ ਇਨਾਮ ਦੇਣਾ ਵੀ ਤੈਅ ਹੋਇਆ।

ਸ਼ਾਸਤਰੀ ਸੰਗੀਤ ਦੇ ਅੰਤਰਗਤ ਖਿਆਲ ਗਾਇਕੀ ਦੀ ਇਸ ਪ੍ਰਤੀਯੋਗਿਤਾ 'ਚ ਭਾਗ ਲੈਣ ਦੀ ਅੰਤਮ ਤਰੀਕ 25ਅਕਤੂਬਰ ਸੀ। ਜਿਸ ਲਈ ਭਾਰਤ ਦੇ 18ਪ੍ਰਾਂਤਾਂ ਤੋਂ ਸੀਨੀਅਰ ਇਕ ਸੌ ਗਿਆਰਾਂ ਅਤੇ ਜੂਨੀਅਰ ਪੰਚਵੰਜਾ ਪ੍ਰਤੀਯੋਗੀਆਂ ਨੇ ਪਹਿਲੇ ਰਾਊਂਡ ਆਪਣੀਆਂ ਰਕਾਰਡਿੰਗ ਭੇਜੀਆਂ ਸਨ। ਭਾਵੇਂ ਇਹ ਪ੍ਰਤੀਯੋਗਿਤਾ ਪਹਿਲੀ ਵਾਰ ਹੋਣ ਜਾ ਰਹੀ ਸੀ ਪਰ ਇਸਦਾ ਪ੍ਰਚਾਰ ਪ੍ਰਸਾਰ ਭਾਰਤ ਦੇ ਸਾਰੇ ਸੰਗੀਤ ਘਰਾਣਿਆ 'ਚ ਅਤੇ ਸੰਗੀਤ ਸੰਸਥਾਨਾਂ ਤੱਕ ਪਹੁੰਚ ਗਿਆ ਸੀ। ਵੱਖ-ਵੱਖ ਪ੍ਰਾਂਤਾ ਤੋਂ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਦੀ ਗਿਣਤੀ ਇਸ ਗੱਲ ਦਾ ਪ੍ਰਮਾਣ ਹੈ।

ਮਹਾਰਾਸ਼ਟਰ 42, ਉੱਤਰ ਪ੍ਰਦੇਸ਼ 23 ਕਰਨਾਟਕ, 19 ਵੈਸਟ ਬੰਗਾਲ 19, ਪੰਜਾਬ 18, ਦਿੱਲੀ 13, ਮੱਧ ਪ੍ਰਦੇਸ਼ 6, ਹਿਮਾਚਲ 5, ਬਿਹਾਰ 3, ਚੰਡੀਗੜ 3, ਗੋਆ 3, ਹਰਿਆਣਾ 3, ਰਾਜਸਥਾਨ, ਗੁਜਰਾਤ, ਜੰਮੂ, ਉੜੀਸਾ, ਤੇਲੰਗਾਨਾ, ਉਤਰਾਖੰਡ ਤੋ ਇਕ ਇਕ ਪ੍ਰਤੀਯੋਗੀ ਨੇ ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਿਤਾ ਵਿੱਚ ਹਿਸਾ ਲਿਆ।

ਜਿਨ੍ਹਾਂ ਨੂੰ ਸ੍ਰੀ ਬਲਵੰਤ ਸਿੰਘ ਜੀ ਨਾਮਧਾਰੀ ਅਤੇ ਬੀਬੀ ਅਵਤਾਰ ਕੌਰ ਨਾਮਧਾਰੀ ਨੇ ਸੁਣ ਕੇ ਸੁਰ ਲੈਅ ਤਾਲ ਦੀ ਕਸਵੱਟੀ ਤੇ ਪਰਖਿਆ ਅਤੇ ਜੂਨੀਅਰ ਵਰਗ 'ਚੋਂ 12 ਪ੍ਰਤੀਯੋਗੀ ਫਾਈਨਲ ਰਾਊਂਡ ਲਈ ਚੁਣੇ ਅਤੇ ਸੀਨੀਅਰ ਵਰਗ ਚੋਂ ਦੂਸਰੇ ਰਾਊਂਡ ਲਈ ਕਰੀਬ 40 ਪ੍ਰਤੀਯੋਗੀ ਚੁਣੇ। ਇਹਨਾਂ 40 ਪ੍ਰਤੀਯੋਗੀਆਂ ਦੀ ਦੂਸਰੇ ਰਾਊਂਡ ਵਾਲੀ ਪ੍ਰਤੀਯੋਗਿਤਾ ਦਿੱਲੀ ਵਿਚ 19, 20 ਨਵੰਬਰ ਨੂੰ ਕਾਰਵਾਈ ਜਾਣੀ ਤੈਅ ਕੀਤੀ ਗਈ ।

**ਦੂਸਰਾ ਰਾਊਂਡ ਦੀਆਂ ਤਿਆਰੀਆਂ**

ਟੀਮ ਨੇ ਪਹਿਲੇ ਰਾਊਂਡ ਦੇ ਜੇਤੂਆਂ ਦੇ ਵੇਰਵੇ ਭੈਣੀ ਸਾਹਿਬ ਦੀਆਂ ਵੈੱਬਸਾਈਟ ਇੰਸਟਾ ਅਤੇ ਫੇਸਬੁੱਕ ਪੇਜ ਤੇ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਜੇਤੂਆਂ ਨੂੰ ਕਰਨਪਾਲ ਸਿੰਘ ਅਤੇ ਹਰਕੀਰਤ ਸਿੰਘ ਨੇ ਅਉਣ ਜਾਣ ਠਹਿਰਨ ਆਦਿ ਦੀ ਸਾਰੀ ਜਾਣਕਾਰੀ ਅਤੇ ਹੋਰ ਵੇਰਵੇ ਲਈ ਸੰਪਰਕ 'ਚ ਰੱਖਿਆ। ਉਂਞ ਹਰਕੀਰਤ ਸਿੰਘ ਨੇ ਸ਼ੁਰੂ ਤੋ ਹੀ ਇਸ ਪ੍ਰਤੀਯੋਗਿਤਾ ਲਈ ਸਾਰਾ ਦਫ਼ਤਰੀ ਕਾਰਜ ਸਾਂਭਿਆ ਹੋਇਆ ਸੀ।

ਟੀਮ ਵਰਕ ਦੇ ਤਹਿਤ ਹਰਜੀ ਅਤੇ ਜੁਝਾਰ ਸਿੰਘ ਪ੍ਰਤੀਯੋਗੀਆਂ ਲਈ ਲੋੜੀਂਦੀਆਂ ਸੁਵਿਧਾਵਾਂ ਜੁਟਾਉਣੀਆਂ ਸ਼ੁਰੂ ਕਰ ਦਿੱਤੀਆਂ। ਮਸਲਨ ਰਹਿਣ ਲਈ ਹੋਟਲ 'ਚ ਨਾਸ਼ਤਾ ਪਾਣੀ, ਆਓ ਭਗਤ ਅਤੇ ਹੋਟਲ ਤੋਂ ਗੁਰਦਵਾਰੇ ਤੱਕ ਦੇ ਸਭ ਦੇ ਅਉਣ ਜਾਣ ਦੇ ਇੰਤਜ਼ਾਮ ਆਦਿ, ਗੁਰਦਵਾਰੇ 'ਚ ਹੋਰ ਪ੍ਰਬੰਧ ਲਈ ਟਹਿਲ ਸਿੰਘ, ਰਛਪਾਲ ਸਿੰਘ ਨੇ ਸੇਵਾ ਸੰਭਾਲੀ ਗੁਰਦਵਾਰੇ ਵਿਚ ਲੰਗਰ ਦਾ ਪ੍ਰਬੰਧ ਪ੍ਰਧਾਨ ਸਾਧਾ ਸਿੰਘ ਜੀ ਅਤੇ ਟਹਿਲ ਸਿੰਘ ਦੇ ਹਿੱਸੇ ਆਇਆ।

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦੇ ਹਾਲ ਦੀ ਸਟੇਜ ਤੇ ਬੰਤਾ ਸਿੰਘ ਵਲੋਂ ਤਿਆਰ ਕੀਤੀ ਤਸਵੀਰ ਲਗਾਈ ਗਈ। ਸਰੋਤਿਆ ਅਤੇ ਪ੍ਰਤੀਯੋਗੀਆਂ ਦੇ ਬੈਠਣ ਲਈ ਹਾਲ ਵਿਚ ਕੁਰਸੀਆਂ ਲਗਾਇਆਂ ਗਈਆਂ ਅਤੇ ਮੁਕਾਬਲੇ ਨੂੰ ਧਿਆਨ 'ਚ ਰੱਖਦਿਆ ਕਰਨ ਪਾਲ ਅਤੇ ਬਲਵੰਤ ਸਿੰਘ ਜੀ ਦੇ ਦਿਸ਼ਾ ਨਰਦੇਸ਼ ਅਨੁਸਾਰ ਗੁਰਦਿਆਲ ਸਿੰਘ ਹੁਰਾਂ ਸਾਊਂਡ ਦਾ ਪਰਬੰਧ ਕੀਤਾ। ਬਾਹਰ ਹਾਲ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸੰਗੀਤ ਨਾਲ ਜੁੜੀਆਂ ਇਤਿਹਾਸਕ ਤਸਵੀਰਾਂ ਲਗਾ ਕੇ ਇਕ ਸੈਲਫੀ ਪੁਆਇੰਟ ਬਣਾਇਆ ਗਿਆ। ਹੋਰ ਵੀ ਬਹੁਤ ਸਾਰੀਆਂ ਤਿਆਰੀਆਂ ਦਿੱਲੀ ਦੇ ਸੇਵਾਦਾਰਾਂ ਨੌਜਵਾਨਾਂ ਅਤੇ ਸ੍ਰੀ ਭੈਣੀ ਸਾਹਿਬ ਦੀ ਟੀਮ ਨੇ ਕੀਤੀਆ। ਵਿਸ਼ੇਸ਼ ਤੌਰ ਤੇ ਪ੍ਰਤੀਯੋਗੀਆਂ ਦੀ ਪੇਸ਼ਕਾਰੀ ਨੂੰ ਕ੍ਰਮਬੱਧ ਕਰਨਾ ਓਹਨਾਂ ਨਾਲ ਸੰਗਤਕਰਾ ਦੀ ਸੂਚੀ ਤਿਆਰ ਕਰਨੀ ਭਾਵ ਪੂਰਨ ਵਿਵਸਥਿਤ ਕੁਝ ਵੀ ਅਵਿਵਸਥਿਤ ਨਹੀਂ ਜੱਜ ਸਾਹਿਬਾਨ ਦੇ ਬੈਠਣ ਲਈ ਵਿਸ਼ੇਸ਼ ਸੋਫ਼ੇ ਲਗਾਏ ਗਏ, ਕਿਉਂਕਿ ਇਹ ਪ੍ਰਤੀਯੋਗਿਤਾ 19 ਅਤੇ

20 ਤਰੀਕ ਨੂੰ ਸਾਰਾ-ਸਾਰਾ ਦਿਨ ਚਲਣੀ ਸੀ ਜੱਜ ਸਾਹਿਬਾਨਾਂ ਦੇ ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਬੀਬੀ ਰਣਜੀਤ ਕੌਰ, ਮਨਪ੍ਰੀਤ ਕੌਰ, ਹਰਵਿੰਦਰ ਕੌਰ, ਰਤਨ ਕੌਰ ਦੇ ਜਿੰਮੇ ਲਗਾ ਸੀ।

18 ਤਰੀਕ ਨੂੰ ਸ੍ਰੀ ਭੈਣੀ ਸਾਹਿਬ ਤੋਂ ਚਲ ਕੇ ਕਰਨਪਾਲ ਸਿੰਘ ਸ੍ਰੀ ਬਲਵੰਤ ਸਿੰਘ ਜੀ, ਸ੍ਰੀ ਰਾਜੇਸ਼ ਮਾਲਵੀਆ ਜੀ ਅਪਣੇ ਸਾਥੀਆਂ ਨਾਲ ਦਿੱਲੀ ਪੰਹੁਚੇ। ਸ਼ਾਮ ਨੂੰ ਗੁਰਦੁਆਰਾ ਰਮੇਸ਼ ਨਗਰ ਵਿਖੇ ਸਾਊਂਡ ਦੇ ਅਤੇ ਹੋਰ ਪ੍ਰਬੰਧ ਦੀ ਜਾਂਚ ਪਰਖ ਕੀਤੀ ਗਈ, ਅੱਜ ਸਵੇਰ ਤੋਂ ਸਾਰੇ ਪ੍ਰਤੀਯੋਗੀ ਵੀ ਦਿੱਲੀ ਪਹੁੰਚਣੇ ਸ਼ੁਰੂ ਹੋ ਗਏ ਸਨ। ਹਰਜੀ ਅਤੇ ਜੁਝਾਰ ਸਿੰਘ ਨੇ ਓਹਨਾਂ ਦੇ ਡੇਰੇ ਪੰਜਾਬੀ ਬਾਗ਼ ਬੁੱਕ ਕੀਤੇ ਹੋਟਲ ਦੇ ਕਮਰਿਆਂ 'ਚ ਲਵਾ ਦਿੱਤੇ ਸਨ। ਓਹਨਾਂ ਨੇ ਵੀ ਥੋੜਾ ਬਹੁਤ ਅਰਾਮ ਕਰ ਲਿਆ ਸੀ। ਮਿਥੇ ਪ੍ਰੋਗਰਾਮ ਅਨੁਸਾਰ ਸ਼ਾਮ ਨੂੰ ਸਾਰੇ ਪ੍ਰਤੀਯੋਗੀ ਵੀ ਗੁਰਦੁਆਰੇ ਪਹੁੰਚ ਗਏ। ਰਾਗੀ ਬਲਵੰਤ ਸਿੰਘ ਨੇ ਅਤੇ ਕਰਨ ਪਾਲ ਨੇ ਓਹਨਾਂ ਨੂੰ ਪਰਿਯੋਗਿਤਾ ਦੇ ਸਾਰੇ ਨਿਯਮ ਦੱਸੇ। ਤਕਨੀਕੀ ਗਲਾਂ ਸਮਝਾਈਆਂ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਖੇਤਰ ਤੇ ਬਣਾਈ ਡਾਕੂਮੈਂਟਰੀ ਵਖਾਈ। ਓਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕੀਤੀ ਗਈ ਸੰਗੀਤ ਸੇਵਾ ਤੋਂ ਜਾਣੂ ਕਰਵਾਇਆ। ਇਸਤੋਂ ਬਾਅਦ ਸਾਰੇ ਪ੍ਰਤੀਯੋਗੀਆਂ ਨੂੰ ਓਹਨਾਂ ਦੇ ਨਾਲ ਸੰਗਤ ਕਰਨ ਵਾਲੇ ਹਰਮੋਨੀਅਮ ਅਤੇ ਤਬਲਾ ਵਾਦਕਾਂ ਨਾਲ ਮਿਲਵਾਇਆ ਗਿਆ। ਵੇਰਵਾ ਡਾ. ਹਰਵਿੰਦਰ ਸਿੰਘ, ਸਤਨਾਮ ਸਿੰਘ, ਸਾਜਨ ਸਿੰਘ, ਬਸੰਤ ਸਿੰਘ, ਹਰਨਾਮ ਸਿੰਘ, ਅਜੇ ਪਾਲ ਸਿੰਘ ਇਹ ਸਾਰੇ ਸਤਿਗੁਰੂ ਜਗਜੀਤ ਸਿੰਘ ਜੀ, ਸਤਿਗੁਰੂ ਉਦੇ ਸਿੰਘ ਜੀ ਦੀ ਸੰਗੀਤ ਫੁਲਵਾੜੀ ਸ੍ਰੀ ਭੈਣੀ ਸਾਹਿਬ ਦੇ ਸੰਗੀਤ ਕਾਰ ਹਨ। ਇਹਨਾਂ ਨਾਲ ਪ੍ਰਤੀਯੋਗੀਆਂ ਨੇ ਤਾਲ ਮੇਲ ਵੀ ਬਣਾਇਆ ਬੈਠ ਕੇ ਅਭਿਆਸ ਵੀ ਕੀਤਾ, ਇਹ ਸਭ ਤਿਆਰੀਆਂ ਭੈਣੀ ਸਾਹਿਬ ਦੇ ਸੰਗੀਤਕਾਰ ਅਤੇ ਪੂਰੇ ਭਾਰਤ ਤੋ ਆਏ ਸੰਗੀਤਕਾਰ ਓਹਨਾਂ ਦੇ ਅਭਿਭਾਵਕ ਭਾਵ ਇਹ ਸੰਗੀਤ ਮਈ ਚਹਿਲ ਪਹਿਲ ਵੇਖ ਕੇ ਇਕ ਅਨੋਖੇ ਜਹੇ ਮਹੋਤਸਵ ਦੇ ਆਰੰਭ ਹੋਣ ਦਾ ਆਭਾਸ ਹੋ ਰਿਹਾ ਸੀ। ਉਪਰੰਤ ਸਭ ਨੇ ਪਰਸ਼ਾਦਾ ਛਕਿਆ ਤੇ ਸਿਖਿਆਰਥੀ ਆਰਾਮ ਕਰਨ ਲਈ ਆਪਣੇ ਹੋਟਲ ਚਲੇ ਗਏ। ਸ੍ਰੀ ਭੈਣੀ ਸਾਹਿਬ ਤੋਂ ਟੀਮ ਦੇ ਨਾਲ ਬਸੰਤ ਸਿੰਘ ਸਪੁੱਤਰ ਬਲਵੰਤ ਸਿੰਘ ਸੰਤਾ ਸਿੰਘ ਆਦਿ ਵੀ ਨਾਲ ਆਏ ਸਨ। ਫਿਰ ਰਾਤ ਦੇ ਸਮੇਂ ਦਿੱਲੀ ਦਾ ਇਕ ਗੇੜਾ ਤਾਂ ਸੰਗੀਤ ਭਾਈਚਾਰੇ ਦਾ ਬਣਦਾ ਹੀ ਸੀ। ਜਿਸਦਾ ਭਰਭੂਰ ਆਨੰਦ ਵੱਡੀ ਤੇ ਛੋਟੀ ਉਮਰ ਦੇ ਸਾਰੇ ਸੰਗੀਤ ਕਾਰਾਂ ਨੇ ਮਾਣਿਆ। ਸੂਰਤ ਪਾਲ ਲਵ ਅਤੇ ਸੰਤੋਖ ਸਿੰਘ ਲਡੀ ਵੀ ਇਸ ਈਵੈਂਟ ਦੇ ਹਰ ਪਹਿਲੂ ਨੂੰ ਕੈਮਰਿਆਂ 'ਚ ਕੈਦ ਕਰਨ, ਲਾਈਵ ਪ੍ਰਸਾਰਨ ਕਰਨ ਅਤੇ ਬਣਾਉਣ ਲਈ ਆਪਣੇ ਸਾਜੋ ਸਮਾਨ ਨਾਲ ਦਿੱਲੀ ਡੇਰੇ ਕੀਤੇ। ਉਂਞ ਨਾਮਧਾਰੀ ਇੰਡੀਆ ਨਿਊਜ਼ ਚੈਨਲ ਵਾਲੇ ਸੁਖਵਿੰਦਰ ਸਿੰਘ ਅਤੇ ਗੁਰਮੁਖ ਸਿੰਘ ਫੋਟੋਗਰਾਫ਼ਰ ਦਿੱਲੀ ਵਾਲੇ ਕੈਮਰੇ ਫੜ ਇਤਿਹਾਸ ਸੰਭਾਲਣ ਲਈ ਤਿਆਰ ਬਰ ਤਿਆਰ ਸਨ।

**19 ਨਵੰਬਰ 2022** ਸਾਰੀ ਟੀਮ ਹਰ ਮੋਰਚੇ ਤੇ ਸਵੇਰੇ 8ਵਜੇ ਤੋਂ ਤਿਆਰ ਬਰ ਤਿਆਰ ਸੀ। ਸਾਰੇ ਉਪਕਰਨ ਗਡ ਦਿੱਤੇ ਗਏ। ਠੀਕ 9:30 ਵਜੇ ਬਸ ਰਾਂਹੀ ਪ੍ਰਤੀਯੋਗੀ ਗੁਰਦੁਆਰਾ ਰਮੇਸ਼ ਨਗਰ ਪਹੁੰਚੇ। ਜਿਨ੍ਹਾਂ ਦਾ ਸਵਾਗਤ ਨਾਮਧਾਰੀ ਸੰਗਤ ਦਿੱਲੀ ਦੇ ਪਤਵੰਤੇ ਸੱਜਣਾ ਨੇ ਕੀਤਾ। ਹਾਲ 'ਚ ਲਗੀਆ ਕੁਰਸੀਆਂ ਭਰ ਚੁੱਕਿਆ ਸਨ। ਠੀਕ 10 ਵਜੇ ਪ੍ਰੋਗਰਾਮ ਆਰੰਭ ਹੋਇਆ। ਰਾਗੀ ਬਲਵੰਤ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਅਤੇ ਪ੍ਰਤੀਯੋਗਿਤਾ ਦੇ ਆਰੰਭ 'ਚ ਇਕ ਟੁਕੜਾ ਹੋਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਯਾਤਰਾ ਨੂੰ ਸਮਰਪਿਤ ਡਾਕੂਮੈਂਟਰੀ ਦਾ ਵਿਖਾਇਆ ਗਿਆ। ਇਨੀ ਦੇਰ 'ਚ ਪਹਿਲੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤੀਯੋਗਿਤਾ ਦੇ ਦੂਸਰੇ ਚਰਣ ਦੇ ਜੱਜ ਸਾਹਿਬਾਨ ਦਾ ਆਗਮਨ ਹਾਲ ਵਿਚ ਹੋਇਆ। ਜਿਨ੍ਹਾਂ ਨੂੰ ਰਾਗੀ ਬਲਵੰਤ ਸਿੰਘ ਜੀ ਨੇ "ਜੀ ਆਇਆ" ਆਖਿਆ ਅਤੇ ਉਹਨਾਂ ਦਾ ਤਵਾਰੁਖ ਹਾਜ਼ਰ ਸਰੋਤਿਆਂ ਨਾਲ ਕਰਾਇਆ ਗਿਆ। ਉਪਰੰਤ ਪਹਿਲੇ ਜੱਜ ਪੰਡਿਤ ਸ਼ੈਲੇਂਦਰ ਗੋਸਵਾਮੀ ਜੀ ਨੂੰ ਸੂਬਾ ਅਰਵਿੰਦ ਸਿੰਘ ਕਿ ਦੁਆਰਾ ਅਤੇ ਦੂਸਰੇ ਜੱਜ ਵਿਦੁਸ਼ੀ ਸ਼ਾਸ਼ਵਤੀ ਮੰਡਲ ਪਾਲਜੀ ਨੂੰ ਜਸਬੀਰ ਸਿੰਘ ਕੋਨਾ ਵੱਲੋਂ ਫੁੱਲਾ ਦਾ ਗੁਲਦਸਤਾ ਅਤੇ ਮਾਲਾ ਪਾ ਕੇ ਸੁਆਗਤ ਕੀਤਾ ਗਿਆ। ਉਪਰੰਤ ਪ੍ਰਤੀਯੋਗਿਤਾ ਆਰੰਭ ਹੋਈ। ਪਹਿਲਾ ਸੈਸ਼ਨ ਦੁਪਹਿਰ 2.00 ਵਜੇ ਤੱਕ ਚੱਲਿਆ। ਸਾਰੇ ਪ੍ਰਤੀਯੋਗੀਆਂ ਨੂੰ 10-12 ਮਿੰਟ 'ਚ ਆਪਣੀ ਪੇਸ਼ਕਾਰੀ ਪੇਸ਼ ਕਰਨ ਦਾ ਸਮਾਂ ਦਿੱਤਾ ਗਿਆ। ਸਮੇਂ ਦੀ ਜਾਣਕਾਰੀ ਸਾਹਮਣੇ ਦਿਸ ਰਹੀ ਸੀ। ਜੱਜ ਸਾਹਿਬਾਨ ਆਪਣੀਆਂ ਫਾਈਲਾਂ ਲੈ ਕੇ ਸਾਹਮਣੇ ਸੋਫ਼ਿਆ ਤੇ ਬਿਰਾਜ ਮਾਣ ਹੋਏ।

ਸਭ ਤੋਂ ਪਹਿਲਾਂ ਅਭੈ ਸਿੰਘ ਨੇ ਰਾਗ ਜੋਗ ਵਿੱਚ ਦਰੁਤ ਖਿਆਲ ਪੇਸ਼ ਕੀਤਾ। ਇਸ ਨੌਜਵਾਨ ਦੀ ਪੇਸ਼ਕਾਰੀ

ਬਾਅਦ ਜੁਝਾਰ ਸਿੰਘ ਨੇ ਇਸਨੂੰ ਨਾਮਧਾਰੀ ਉੱਨ ਦੀ ਮਾਲਾ ਅਤੇ ਬੰਤਾ ਸਿੰਘ ਦੁਆਰਾ ਡਿਜ਼ਾਈਨ ਕੀਤੇ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

ਦੂਸਰੀ ਪੇਸ਼ਕਾਰੀ ਬੀਬੀ ਆਰਯ ਆਨੰਦ ਧਰੇਸ਼ਵਰ ਨੇ ਕੀਤੀ। ਜਿਸਨੇ ਰਾਗ ਸ਼ਹੀਣ ਕਾਨੜਾ ਪੇਸ਼ ਕੀਤਾ। ਇਹਨਾ ਨੂੰ ਬੀਬੀ ਰਤਨ ਕੌਰ ਨੇ ਸਨਮਾਨਿਤ ਕੀਤਾ।

ਤੀਸਰੀ ਪੇਸ਼ਕਾਰੀ ਚੇਤਣਯਾ ਪ੍ਰਭ ਦੀ ਰਹੀ ਜਿਸਨੇ ਰਾਗ ਰਾਗੇਸ਼ਵਰੀ ਵਿਲੰਭਿਤ ਇਕ ਤਾਲ, ਛੋਟਾ ਖਿਆਲ ਅਤੇ ਦਰੁਤ ਖਿਆਲ ਤਿੰਨ ਤਾਲ ਨਾਲ ਪੇਸ਼ ਕੀਤਾ। ਇਹਨਾ ਦਾ ਸਨਮਾਨ ਅਵਤਾਰ ਸਿੰਘ ਨੇ ਕੀਤਾ।

ਚੌਥੀ ਪੇਸ਼ਕਾਰੀ ਡਾਲੀਆ ਮੁਖਰਜੀ ਦੀ ਰਹੀ। ਜਿਸ ਨਾਲ ਤਬਲੇ ਤੇ ਸੰਗਤ ਜੈ ਦੇਵ ਮੁਖਰਜੀ ਨੇ ਕੀਤੀ। ਇਸਨੇ ਰਾਗ ਲਲਿਤ ਵਿਲੰਬਿਤ ਇਕ ਤਾਲ ਤੇ ਦਰੁਤ ਇਕ ਤਾਲ ’ਚ ਸੁਣਾਇਆ। ਇਸਨੂੰ ਬੀਬੀ ਹਰਵਿੰਦਰ ਕੌਰ ਨੇ ਸਨਮਾਨਿਤ ਕੀਤਾ।

ਪੰਜਵੀਂ ਪੇਸ਼ਕਾਰੀ ਦਰਸ਼ਨ ਮੇਲਾਵੰਕੀ ਦੀ ਰਹੀ ਇਸਨੇ ਰਾਗ ਮੀਆਂ ਕੀ ਤੋੜੀ ਵਿਲੰਬਿਤ ਇਕ ਤਾਲ ਤੇ ਦਰੁਤ ਤਿੰਨ ਤਾਲ ’ਚ ਸੁਣਾਇਆ। ਇਸਦਾ ਸਨਮਾਨ ਇੰਦਰ ਜੀਤ ਮਾਲੂਵਾਲ ਨੇ ਕੀਤਾ।

ਛੇਵੀਂ ਪੇਸ਼ਕਾਰੀ ਡਿਬਰਗੋ ਬੈਨਰਜੀ ਦੀ ਰਹੀ। ਇਸਨੇ ਰਾਗ ਯਮਨ ਵਿਲੰਬਿਤ ਏਕ ਤਾਲ ਦਰੁਤ ਤਿੰਨ ਤਾਲ ਦੇ ਨਾਲ ਤਰਾਨਾ ਦਰੁਤ ਏਕਤਾਲ ’ਚ ਸੁਣਾਇਆ। ਇਸਦਾ ਸਨਮਾਨ ਆਸਾ ਸਿੰਘ ਨੇ ਕੀਤਾ।

ਸੱਤਵੀਂ ਪੇਸ਼ਕਾਰੀ ਜੀਵਨ ਪਾਟਿਲ ਨੇ ਕੀਤੀ ਇਸਨੇ ਰਾਗ ਬਿਹਾਗ ਵਿਲੰਬਿਤ ਏਕਤਾਲ ਅਤੇ ਦਰੁਤ ਤਿੰਨ ਤਾਲ 'ਚ ਸੁਣਾਇਆ। ਇਸ ਦਾ ਸਨਮਾਨ ਸੁਖਵਿੰਦਰ ਸਿੰਘ ਸੋਖੀ ਨੇ ਕੀਤਾ।

ਅੱਠਵੀਂ ਪੇਸ਼ਕਾਰੀ ਨੰਦਨੀ ਅੰਗਦ ਗਾਇਕਵਾੜ ਨੇ ਕੀਤੀ। ਇਸ ਨੇ ਰਾਗ ਪੂਰਵੀ ਵਿਲੰਬਿਤ ਏਕਤਾਲ ਅਤੇ ਦਰੁਤ ਤਿੰਨ ਤਾਲ ’ਚ ਸੁਣਾਇਆ। ਇਸਦਾ ਸਨਮਾਨ ਬੀਬੀ ਰਣਜੀਤ ਕੌਰ ਨੇ ਕੀਤਾ।

ਨੌਵੀਂ ਪੇਸ਼ਕਾਰੀ ਧਰੁਵ ਸ਼ਰਮਾ ਨੇ ਕੀਤੀ। ਇਸਨੇ ਰਾਗ ਯਮਨ ਵਿਲੰਬਿਤ ਏਕਤਾਲ ਅਤੇ ਦਰੁਤ ਤਿੰਨ ਤਾਲ ਵਿਚ ਸੁਣਾਇਆ। ਇਸਦਾ ਸਨਮਾਨ ਸੰਤ ਸਤਨਾਮ ਸਿੰਘ ਜੀ ਨੇ ਕੀਤਾ।

ਸਵੇਰ ਦੇ ਸ਼ੈਸ਼ਨ ਦੀਆਂ ਨੋ ਪੇਸ਼ਕਾਰੀਆਂ ਤੋਂ ਬਾਅਦ ਭੋਜਨ ਲਈ ਅਵਕਾਸ਼ ਦਿੱਤਾ ਗਿਆ ਅਤੇ ਅਗਲਾ ਸੈਸ਼ਨ ਠੀਕ 3 ਵਜੇ ਆਰੰਭ ਹੋ ਗਿਆ।

ਅੱਜ ਦੀ ਦਸਵੀਂ ਪੇਸ਼ਕਾਰੀ ਜੀ ਸੁਭੀ ਸੁਰੇਸ਼ ਨੇ ਕੀਤੀ ਸ਼ੁੱਧ ਸਾਰੰਗ ਰਾਗ ਨੂੰ ਇਸਨੇ ਵਿਲੰਬਿਤ ਇਕ ਤਾਲ ਅਤੇ ਦਰੁਤ ਤਿੰਨ ਤਾਲ ਚ ਪੇਸ਼ ਕੀਤਾ। ਇਸਦਾ ਸਵਾਗਤ ਬੀਬੀ ਜਯੋਤਸਨਾ ਜੀ ਨੇ ਕੀਤਾ।

ਗਿਆਰਵੀਂ ਪੇਸ਼ਕਾਰੀ ਸਈ ਕਟਗਰੇ ਨੇ ਕੀਤੀ ਇਸਨੇ ਰਾਗ ਲਲਿਤ ਵਿਲੰਬਿਤ ਖਿਆਲ ਇਕ ਤਾਲ, ਦਰੁਤ ਖਿਆਲ ਤੀਨ ਤਾਲ ’ਚ ਪੇਸ਼ ਕੀਤਾ। ਇਸਦਾ ਸਨਮਾਨ ਬੀਬੀ ਮਨਪ੍ਰੀਤ ਕੌਰ ਨੇ ਕੀਤਾ।

ਬਾਹਰਵੀਂ ਪੇਸ਼ਕਾਰੀ ਜਯੰਤਿਕਾ ਡੇ ਨੇ ਕੀਤੀ। ਇਸਨੇ ਰਾਗ ਨਰਾਇਣੀ ਪੇਸ਼ ਕੀਤਾ। ਵਿਲੰਬਿਤ ਇਕਤਾਲ ਦਰੁਤ ਤਿੰਨ ਤਾਲ ’ਚ ਪੇਸ਼ ਕੀਤਾ।

ਇਸਦਾ ਸਨਮਾਨ ਬੀਬੀ ਆਸਾ ਕੌਰ ਯੂਕੇ ਨੇ ਕੀਤਾ।

ਤਿਹਰਵੀਂ ਪੇਸ਼ਕਾਰੀ ਸ਼੍ਰੇਆ ਗਾਉਂਗੁਟੇ ਰਾਗ ਬਸੰਤ ਪੇਸ਼ ਕੀਤਾ। ਇਸਦਾ ਸਨਮਾਨ ਬੀਬੀ ਨਰਿੰਦਰ ਕੌਰ ਨੇ ਕੀਤਾ।

ਚੌਦਵੀਂ ਪੇਸ਼ਕਾਰੀ ਜਯੋਤੀ ਪਰਕਾਸ਼ ਓਝਾ ਨੇ ਬਰਿੰਦਾ ਵਨੀ ਸਾਰੰਗ ’ਚ ਪੇਸ਼ ਕੀਤੀ। ਵਿਲੰਬਿਤ ਇਕ ਤਾਲ ਦਰੁਤ ਤਿੰਨ ਤਾਲ। ਤਬਲੇ ਤੇ ਅਨੁਰਾਗ ਝਾਪ ਨੇ ਸੰਗਤ ਕੀਤੀ। ਇਸਦਾ ਸਨਮਾਨ ਗੁਰਮੁਖ ਸਿੰਘ ਫੋਟੋਗਰਾਫ਼ਰ ਨੇ ਕੀਤਾ।

ਪੰਦਰਵੀਂ ਪੇਸ਼ਕਾਰੀ ਕੇਦਾਰ ਮੋਦਕ ਨੇ ਰਾਗ ਪੁਰੀਆ ਧਨਾਸ੍ਰੀ ’ਚ ਕੀਤੀ ਵਿਲੰਬਿਤ ਇਕ ਤਾਲ, ਦਰੁਤ ਤਿੰਨ ਤਾਲ ਇਹਨਾਂ ਦਾ ਸਨਮਾਨ ਮੰਗਲ ਜੀਤ ਸਿੰਘ ਨੇ ਕੀਤਾ।

ਸੋਲਵੀ ਪੇਸ਼ਕਾਰੀ ਮੈਥਲੀ ਭਾਪਤ ਨੇ ਰਾਗ ਜੌਨਪੁਰੀ 'ਚ ਕੀਤੀ। ਤਾਲ ਤਿਲਵਾੜਾ ਅਤੇ ਦਰੁਤ ਤਿੰਨ ਤਾਲ ਇਹਨਾ ਦਾ ਸਵਾਗਤ ਬੀਬੀ ਬਲਵਿੰਦਰ ਕੌਰ ਨੇ ਕੀਤਾ।

ਸਤਾਰਵੀਂ ਪੇਸ਼ਕਾਰੀ ਇਸ਼ਾਂਤ ਘੋਸ਼ ਨੇ ਰਾਗ ਯਮਨ ’ਚ ਕੀਤੀ। ਵਿਲੰਭਿਤ ਇਕ ਤਾਲ ਦਰੁਤ ਇਕ ਤਾਲ, ਇਸਦਾ ਸਨਮਾਨ ਗੁਰਮੁਖ ਸਿੰਘ ਸਿਆਨ ਨੇ ਕੀਤਾ।

ਅਠਾਰ੍ਹਵੀਂ ਪੇਸ਼ਕਾਰੀ ਸਵਾਸਤਿਕਾ ਬਰਧਨ ਨੇ ਰਾਗ ਸੁਧ ਕਲਿਆਣ 'ਚ ਕੀਤੀ। ਵਿਲੰਬਿਤ ਏਕ ਤਾਲ ਧਰੁਤ ਤਿੰਨ ਤਾਲ। ਇਸਦਾ ਸਨਮਾਨ ਬੀਬੀ ਜਗਦੀਸ਼ ਕੌਰ

ਨੇ ਕੀਤਾ।

ਅੱਜ ਕੁਲ 18 ਪ੍ਰਤੀਯੋਗੀਆਂ ਨੇ ਆਪਣੀ ਪੇਸ਼ਕਾਰੀ ਕੀਤੀ। ਅਖੀਰ 'ਚ ਸ਼੍ਰੀ ਬਲਵੰਤ ਸਿੰਘ ਜੀ ਨੇ ਸਭ ਦਾ ਧੰਨਵਾਦ ਕੀਤਾ। ਪ੍ਰਤੀਯੋਗੀ ਪਹਿਲਾਂ ਹੋਟਲ ਗਏ ਥੋੜਾ ਅਰਾਮ ਕਰ ਫਿਰ ਗੁਰਦੁਆਰੇ ਆ ਕੇ ਪਰਸ਼ਾਦਾ ਪਾਣੀ ਛੱਕ ਕੇ ਆਪਣੇ-2 ਕਮਰਿਆ 'ਚ ਜਾ ਅਰਾਮ ਫਰਮਾਇਆ।

ਅੱਜ ਦੇ ਖਾਸ ਪਲ ਸਨ ਸਤਿਗੁਰੂ ਉਦੇ ਸਿੰਘ ਜੀ ਜੋ ਕੇ ਸ੍ਰੀ ਭੈਣੀ ਸਾਹਿਬ ਅਪਣੇ ਰੁਝੇਵਿਆਂ ਦੇ ਬਾਵਜੂਦ ਇਸ ਪ੍ਰਤੀਯੋਗਿਤਾ ਤੇ ਕਿਰਪਾ ਦ੍ਰਿਸ਼ਟੀ ਬਣਾਏ ਹੋਏ ਸਨ ਓਹਨਾਂ ਨੇ ਸਭ ਲਈ ਇਕ ਸੰਦੇਸ਼ ਵੀਡਿਓ ਰਿਕਾਰਡ ਕਰ ਕੇ ਭੇਜਿਆ ਸੀ, ਉਹ ਸਕਰੀਨ ਤੇ ਚਲਾਇਆ ਗਿਆ। ਪਾਤਸ਼ਾਹ ਜੀ ਦੇ ਅਨਮੋਲ ਬਚਨ ਸੁਣ ਸਭ ਆਏ ਹੋਏ ਪ੍ਰਤੀਯੋਗੀਆਂ ਮਾਪਿਆਂ ਅਤੇ ਸਾਥੀਆਂ ਦੇ ਮਨਾ ਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਦੀ ਛਾਪ ਪੈ ਗਈ। ਅੱਜ ਪ੍ਰਤੀਯੋਗੀ ਪੇਸ਼ਕਾਰੀ ਕਰ ਕੇ ਬਾਹਰ ਆਉਂਦੇ ਸਾਡੀ ਮੀਡੀਆ ਟੀਮ ਓਹਨਾਂ ਤੋ ਅਪਣੇ ਅੱਜ ਦੇ ਅਨੁਭਵ ਪੁੱਛਦੇ, ਓਹ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਸਿਰਜੇ ਇਸ ਸੰਗੀਤਮਾਈ ਵਾਤਾਵਰਨ ਤੋਂ ਸੇਵਾ ਭਾਵ ਤੋਂ, ਪ੍ਰਬੰਧ ਤੋਂ, ਖੁਸ਼ ਹੋਏ-ਹੋਏ ਬੜੇ ਵਧੀਆ ਕਮੈਂਟਸ ਦਿੰਦੇ। ਜਿਸ ਨੂੰ ਦੁਨੀਆਭਰ ਦੇ ਸੰਗੀਤ ਪ੍ਰੇਮੀ ਵੇਖ ਰਹੇ ਹਨ। ਕੋਈ ਕਿਸੇ ਨਾਲ ਗੱਲਬਾਤ ਕਰਦਾ ਕੋਈ ਕਿਸੇ ਨਾਲ ਸੈਲਫ਼ੀ ਲੈਂਦਾ। ਭਾਵੇਂ ਇਹ ਪ੍ਰਤੀਯੋਗਿਤਾ ਸੀ ਪਰ ਅਸਲ ਵਿਚ ਇਹ ਸੰਗੀਤ ਦੀ ਕੋਈ ਬੈਠਕ ਸਭਾ ਵਰਗਾ ਹੀ ਲਗ ਰਿਹਾ ਸੀ। ਅੱਜ ਬਾਅਦ ਦੁਪਹਿਰ ਸ. ਹਰਵਿੰਦਰ ਸਿੰਘ ਹੰਸਪਾਲ ਜੀ ਆਏ ਤਾਂ ਸ੍ਰੀ ਬਲਵੰਤ ਸਿੰਘ ਜੀ ਨੇ ਉਹਨਾਂ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ ਸੀ।

ਮਿਤੀ **20-11-2022** ਕਰੀਬ 9.30 ਤੇ ਪ੍ਰਤੀਯੋਗੀਆਂ ਦੀ ਅਤੇ ਉਹਨਾਂ ਨਾਲ ਆਏ ਸਾਥੀਆਂ ਦੀ ਬਸ ਗੁਰਦੁਆਰੇ ਪਹੁੰਚੀ। ਸਭ ਤੋਂ ਪਹਿਲਾਂ ਓਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਪ੍ਰੇਮ ਦੀ ਡਾਕੂਮੈਂਟਰੀ ਵਿਖਾਈ ਗਈ। ਉਤਨੀ ਦੇਰ 'ਚ ਵਿਸ਼ੇਸ਼ ਗੱਡੀਆਂ ਰਾਹੀਂ ਦੋਵੇਂ ਜੱਜ ਵੀ ਗੁਰਦਵਾਰੇ ਪਹੁੰਚ ਗਏ ਅਤੇ ਕਰੀਬ 11 ਵਜੇ ਪ੍ਰਤੀਯੋਗਿਤਾ ਆਰੰਭ ਹੋ ਗਈ।

ਅੱਜ ਦੀ ਸਭ ਤੋਂ ਪਹਿਲੀ ਪੇਸ਼ਕਾਰੀ ਨਿਸ਼ਾਦ ਵਿਆਸ ਨੇ ਰਾਗ ਮੀਆ ਕੀ ਤੋੜੀ ਇਕ ਤਾਲ ਵਿਲੰਬਤ ਅਤੇ ਦਰੁਤ ਤੀਨ ਤਾਲ 'ਚ ਕੀਤੀ। ਇਹਨਾਂ ਦਾ ਸਨਮਾਨ ਸੁਲੱਖਣ ਸਿੰਘ ਸਪੁੱਤਰ ਸੂਬਾ ਸੁਖਦੇਵ ਸਿੰਘ ਜੀ ਨੇ ਕੀਤਾ।

ਦੂਸਰੀ ਪੇਸ਼ਕਾਰੀ ਪ੍ਰਾਚੀ ਖੋਟ ਨੇ ਰਾਗ ਅਹੀਰ ਭੈਰਵ 'ਚ ਕੀਤੀ ਵਿਲੰਬਿਤ ਇਕ ਤਾਲ ਦਰੁਤ ਇਕ ਤਾਲ ਇਸਦਾ ਸਨਮਾਨ ਹਰਪਾਲ ਸਿੰਘ ਨੇ ਕੀਤਾ।

ਤੀਸਰੀ ਪੇਸ਼ਕਾਰੀ ਰਿਸ਼ਬ ਸ਼ਰਮਾ ਨੇ ਰਾਗ ਭੀਮ ਪਲਾਸੀ 'ਚ ਕੀਤੀ। ਤਾਲ ਮਧਯਾ ਵਿਲੰਬਿਤ ਰੂਪਕ ਇਸਦਾ ਸਨਮਾਨ ਦਰਸ਼ਨ ਸਿੰਘ ਲਾਜਪਤ ਨਗਰ ਵਾਲਿਆਂ ਕੀਤਾ।

ਚੌਥੀ ਪੇਸ਼ਕਾਰੀ ਸਾਗਨਿਕ ਬਸਕ ਨੇ ਰਾਗ ਗੁਜਰੀ ਤੋੜੀ, ਵਿਲੰਬਿਤ ਇਕ ਤਾਲ ਦਰੁਤ ਤਿੰਨ ਤਾਲ ਇਸਦਾ ਸਨਮਾਨ ਰਸ਼ਪਾਲ ਸਿੰਘ ਨੇ ਕੀਤਾ।

ਪੰਜਵੀਂ ਪੇਸ਼ਕਾਰੀ ਸੰਗੀਤਾ ਮਰਦੁਰ ਨੇ ਰਾਗ ਪੂਰੀਆ ਕਲਿਆਣ 'ਚ ਵਿਲੰਬਿਤ ਇਕ ਤਾਲ, ਦਰੁਤ ਤਿੰਨ ਤਾਲ 'ਚ ਕੀਤੀ। ਇਸਦਾ ਸਨਮਾਨ ਮਨਪ੍ਰੀਤ ਕੌਰ ਨੇ ਕੀਤਾ।

ਅੱਜ ਦੀ ਛੇਵੀਂ ਪੇਸ਼ਕਾਰੀ ਸਤਨਿਕ ਚੈਟਰਜੀ ਨੇ ਰਾਗ ਮੀਆਂ ਕੀ ਤੋੜੀ 'ਚ ਕੀਤੀ। ਵਿਲੰਬਿਤ ਇਕ ਤਾਲ, ਦਰੁਤ ਤਿੰਨ ਤਾਲ ਇਸਦਾ ਸਨਮਾਨ ਗੁਰਦਿਆਲ ਸਿੰਘ ਜੀ ਨੇ ਕੀਤਾ।

ਸੱਤਵੀਂ ਪੇਸ਼ਕਾਰੀ ਸਾਵਨੀ ਗੋਗਟੇ ਨੇ ਸ਼੍ਰੀ ਰਾਗ 'ਚ ਕੀਤੀ। ਇਸਦਾ ਸਨਮਾਨ ਬੀਬੀ ਦਲਜੀਤ ਕੌਰ ਨੇ ਕੀਤਾ।

ਅੱਠਵੀਂ ਪੇਸ਼ਕਾਰੀ ਜੁਨੈਦ ਹਸਨ ਖ਼ਾਨ ਨੇ ਰਾਗ ਪੂਰੀਆ ਕਲਿਆਣ 'ਚ ਖਿਆਲ ਤਾਲ 48 ਮਾਤਰਾ ਦਰੁਤ ਖਿਆਲ ਤਿੰਨ ਤਾਲ ਇਹਨਾਂ ਦਾ ਸਵਾਗਤ ਰਾਗੀ ਇੰਦਰ ਸਿੰਘ ਨੇ ਕੀਤਾ।

ਨੌਵੀਂ ਪੇਸ਼ਕਾਰੀ ਸਨੇਹਲ ਪਾਟਿਲ ਨੇ ਰਾਗ ਮੇਘ 'ਚ ਇਕ ਤਾਲ ਅਤੇ ਤਿੰਨ ਤਾਲ 'ਚ ਕੀਤੀ। ਇਸਦਾ ਸਵਾਗਤ ਹਰਵਿੰਦਰ ਕੌਰ ਨੇ ਕੀਤਾ।

ਅੱਜ ਦੇ ਪਹਿਲੇ ਸ਼ੈਸ਼ਨ 'ਚ ਵੀ 9 ਪੇਸ਼ਕਾਰੀਆਂ ਹੋਇਆ ਉਪਰੰਤ ਭੋਜਣ ਲਈ ਬ੍ਰੇਕ ਹੋਈ। ਸਭ ਆਏ ਹੋਏ ਮਹਿਮਾਨਾਂ ਦੀ ਸੇਵਾ ਵਿਚ ਲੰਗਰ ਵਾਲੀ ਟੀਮ ਨੇ ਕੋਈ ਕਸਰ ਨਹੀਂ ਛੱਡੀ। ਟਹਿਲ ਸਿੰਘ, ਤਰਸੇਮ ਸਿੰਘ, ਚਰਨ ਜੀਤ ਰਾਜਾ ਆਦਿ ਨੇ ਬੜੀ ਰੀਝ ਨਾਲ ਸਭ ਨੂੰ ਪਰਸ਼ਾਦਾ ਛਕਾਇਆ। ਜਿਸਨੂੰ ਤਿਆਰ ਕਰਨ 'ਚ ਸੰਤ ਸਾਧਾ ਸਿੰਘ ਜੀ ਸਵੇਰ ਦੇ ਲਗੇ ਹੋਏ ਸਨ।

ਅਗਲਾ ਸੈਸ਼ਨ 3 ਵਜੇ ਆਰੰਭ ਹੋਇਆ। ਇਸ ਸੈਸ਼ਨ ਵਿਚ 7 ਪੇਸ਼ਕਾਰੀਆਂ ਹੀ ਹੋਣੀਆਂ ਹਨ।

ਅੱਜ ਦੀ ਦਸਵੀਂ ਪੇਸ਼ਕਾਰੀ ਕਿਸ਼ਨ ਪਰਕਾਸ਼ ਨੇ

ਰਾਗ ਵਰਿੰਦਵਾਨੀ ਸਾਰੰਗ 'ਚ ਕੀਤੀ। ਝੱਪ ਤਾਲ, ਤਿੰਨ ਤਾਲ। ਇਸ ਦਾ ਸਨਮਾਨ ਜਸਵੰਤ ਸਿੰਘ ਨੇ ਕੀਤਾ।

ਗਿਆਰਵੀਂ ਪੇਸ਼ਕਾਰੀ ਸਾਹਿਲ ਰਾਜੇਸ਼ ਭੋਗਲੇ ਨੇ ਵੱਡਾ ਖਿਆਲ ਝਪ ਤਾਲ ਅਤੇ ਛੋਟਾ ਖਿਆਲ ਇਕ ਤਾਲ 'ਚ ਸੁਣਾਇਆ। ਇਸ ਦਾ ਸਨਮਾਨ ਅਜੈਪਾਲ ਨੇ ਕੀਤਾ।

12 ਵੀਂ ਪੇਸ਼ਕਾਰੀ ਰਿਸ਼ੀਬ ਪ੍ਰਕਾਸ਼ ਨੇ ਰਾਗ ਮੁਲਤਾਨੀ 'ਚ ਕੀਤੀ। ਇਕ ਤਾਲ ਦਰੁਤ 'ਚ ਇਕ ਤਾਲ ਇਸਦਾ ਸਨਮਾਨ ਗੁਰਮੁੱਖ ਸਿੰਘ ਨੇ ਕੀਤਾ।

13 ਵੀਂ ਪੇਸ਼ਕਾਰੀ ਸ੍ਰਿੰਜਨੀ ਦਾਸ ਗੰਗੋਪਾਧਿਯਾਇ ਨੇ ਰਾਗ ਭੀਮ ਪ੍ਲਾਸੀ 'ਚ ਕੀਤੀ। ਵਿਲਬਿੰਤ ਇਕ ਤਾਲ ਤੇ ਦਰੁਤ ਤਿੰਨ ਤਾਲ ਵਿੱਚ। ਸਨਮਾਨ ਅਸਤਿੰਦਰ ਕੌਰ ਨੇ ਕੀਤਾ।

14 ਵੀਂ ਪੇਸ਼ਕਾਰੀ ਸ਼ੁਭਦੀਪ ਦਾਸ ਚੌਧਰੀ ਨੇ ਰਾਗ ਗੁਜਰੀ ਤੋੜੀ 'ਚ ਕੀਤੀ। ਵਿਲਬਿੰਤ ਇਕ ਤਾਲ ਦਰੁਤ ਤਿੰਨ ਤਾਲ ਵਿੱਚ। ਸਨਮਾਨ ਸਰਮੁੱਖ ਸਿੰਘ ਨੇ ਕੀਤਾ।

15 ਵੀਂ ਪੇਸ਼ਕਾਰੀ ਸੁਭਜੀਤ ਪਾਤਰਾਂ ਨੇ ਕੀਤੀ ਇਸਨੇ ਰਾਗ ਯਮਨ, ਇੱਕਤਾਲ, ਵਿਲੰਬਿਤ ਤਿੰਨ ਤਾਲ ਦਰੁਤ ਤੇ ਇਕ ਤਾਲ 'ਚ ਤਰਾਨਾ ਸੁਣਾਇਆ। ਇਸਦਾ ਸਨਮਾਨ ਗੁਰਭੇਜ ਗੁਰਾਇਆ ਨੇ ਕੀਤਾ।

ਅਖੀਰਲੀ ਅਤੇ ਅੱਜ ਦੀ 16 ਵੀ ਪੇਸ਼ਕਾਰੀ ਤਨਿਸ਼ਕ ਅਰੋੜਾ ਨੇ ਰਾਗ ਪੂਰੀਆ 'ਚ ਕੀਤੀ ਵਿਲੰਬਿਤ ਤਿੰਨ ਤਾਲ ਅਤੇ ਦਰੁਤ ਤਿੰਨ ਤਾਲ ਇਸਦਾ ਸਨਮਾਨ ਟਹਿਲ ਸਿੰਘ ਨੇ ਕੀਤਾ।

ਦੋ ਦਿਨਾਂ ਦੇ ਵਿੱਚ 34 ਪ੍ਰਤੀਯੋਗੀ ਆਪਣੀਆਂ-ਆਪਣੀਆਂ ਪੇਸ਼ਕਾਰੀਆਂ ਦੇ ਚੁੱਕੇ ਸਨ। ਹੁਣ ਇੰਤਜ਼ਾਰ ਸੀ ਨਤੀਜਿਆਂ ਦਾ ਜਿਸਨੂੰ ਅੰਤਿਮ ਰੂਪ ਦੇਣ ਲਈ ਦੋਵੇਂ ਜੱਜ ਗਰੀਨ ਰੂਮ ਚ ਬੈਠ, ਸਾਰੇ ਪ੍ਰਤੀਯੋਗੀਆਂ ਦੇ ਨੋਟ ਕਿਤੇ ਅੰਕਾ ਅਤੇ ਵੇਰਵੇ ਦੇ ਹਿਸਾਬ ਨਾਲ ਫਾਈਨਲ ਰਾਊਂਡ ਜੋ ਕੇ 22-23 ਨਵੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਣਾ ਸੀ। ਪ੍ਰਬੰਧਕਾਂ ਦੁਆਰਾ ਦਿੱਤੇ ਨਿਰਦੇਸ਼ ਮੁਤਾਬਕ ਅੱਜ ਦੇ ਮੁਕਾਬਲੇ 'ਚੋਂ 12 ਪ੍ਰਤੀਯੋਗੀ ਚੁਨਣ ਲਈ ਮੁਸ਼ੱਕਤ ਕਰਨ ਲੱਗ ਪਏ। ਹਾਲ ਵਿਚ ਬੈਠੇ ਸਰੋਤਿਆਂ ਨੂੰ ਸੰਗੀਤ ਸਰੂਪ ਸਤਿਗੁਰੂ ਡਾਕੂਮੈਂਟਰੀ ਦੇ ਕੁਝ ਹੋਰ ਅੰਸ਼ ਵਖਾਏ ਗਏ। ਉਪਰੰਤ ਰਾਗੀ ਬਲਵੰਤ ਸਿੰਘ ਜੀਂ ਨੇ ਮੰਚ ਤੋਂ ਸਭ ਦਾ ਧੰਨਵਾਦ ਕੀਤਾ। ਨਾਮਧਾਰੀ ਸੰਗੀਤ ਫੁਲਵਾੜੀ ਬਾਰੇ ਜਾਣਕਾਰੀ ਦਿੱਤੀ। ਅਗਲਾ ਪ੍ਰੋਗਰਾਮ ਦਸਿਆ ਭਾਰਤ ਦੇ ਵੱਖ-ਵੱਖ ਪ੍ਰਾਂਤਾ ਤੋ ਆਏ ਸੰਗੀਤ ਕਾਰਾਂ ਨਾਲ ਪਿਆਰ ਦੀ ਸਾਂਝ ਬਣੀ ਰਹਿਣ ਦਾ ਭਰੋਸਾ ਦਵਾਇਆ। ਉਪਰੰਤ ਗੁਰਭੇਜ ਸਿੰਘ ਗੁਰਾਇਆ ਸੀਨੀਅਰ ਪਬਲਿਕ ਪ੍ਰੋਸੀਕਯੁਟਰ ਨੇ ਬੋਲਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਪ੍ਰਤੀ ਨਜ਼ਰੀਏ ਬਾਰੇ ਦੱਸਿਆ ਕਿ ਸਤਿਗੁਰੂ ਜੀ ਸੰਗੀਤ ਨੂੰ ਭਗਤੀ ਦਾ ਹੀ ਅੰਗ ਸਮਝਦੇ ਸਨ। ਆਪ ਜੀ ਦਾ ਹੁਕਮ ਅਤੇ ਵਿਸ਼ਵਾਸ ਸੀ ਨੌਜਵਾਨ ਪੀੜ੍ਹੀ ਸੰਗੀਤ ਨਾਲ ਜੁੜ ਕੇ ਹੀ ਨਸ਼ਿਆਂ ਤੋਂ ਤੇ ਹੋਰ ਮਾੜੇ ਪ੍ਰਭਾਵ ਤੋਂ ਬੱਚ ਸਕਦੀ ਹੈ।

ਇਨੇ ਚਿਰ ਵਿਚ ਜੱਜ ਸਾਹਿਬਾਨ ਨਤੀਜੇ ਲੈ ਕੇ ਹਾਲ ਵਿਚ ਹਾਜ਼ਰ ਹੋਏ ਅਤੇ ਪਹਿਲਾ ਵਿਦੂਸ਼ੀ ਸ਼ਸਵਤੀ ਮੰਡਲ ਪਾਲ ਜੀ ਨੇ ਸਿਖਿਆਰਥੀਆਂ ਨੂੰ ਅੱਜ ਦੀ ਪੇਸ਼ਕਾਰੀ ਬਾਰੇ ਕੁਝ ਗਿਆਨ ਵਰਧਕ ਹਿਦਾਇਤਾਂ ਦਿੱਤੀਆਂ। ਹੋਰ ਗਲਾਂ ਦੇ ਨਾਲ-ਨਾਲ ਓਹਨਾਂ ਖਾਸ ਗੱਲ ਆਖੀ ਕਿ ਤੁਸੀਂ ਆਪਣੀ ਲੈਅ ਦਾ ਖਾਸ ਧਿਆਨ ਰੱਖੋ। ਸਪੀਡ ਤੇ ਨਿਯੰਤਰਣ ਰੱਖੋ, ਸੁਰ ਨੂੰ ਸਭ ਤੋਂ ਪਹਿਲੇ ਨੰਬਰ ਤੇ ਰੱਖੋ। ਕਦੇ ਵੀ ਸੁਰ ਤੋਂ ਭੜਕਣਾ ਠੀਕ ਨਹੀਂ, ਖਾਸ ਕਰਕੇ ਲੈਅ ਵਿੱਚ ਜਦੋਂ ਗਤੀ ਵੱਧ ਜਾਵੇ ਤਾਂ। ਉਪਰੰਤ ਪੰਡਤ ਸ਼ੈਲੇਂਦਰ ਗੋਸਵਾਮੀ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਸਾਡੇ ਲਈ ਬੜਾ ਔਖਾ ਸੀ ਕਿ ਅਸੀਂ ਕਿਸ ਨੂੰ ਛੱਡੀਏ, ਕਿਸਨੂੰ ਰੱਖੀਏ। ਸਾਰੇ ਹੀ ਪੇਸ਼ਕਾਰ ਬਹੁਤ ਵਧੀਆ ਸਨ। ਪਰ ਪ੍ਰਤੀਯੋਗਿਤਾ ਦਾ ਨਿਯਮ ਹੁੰਦਾ ਹੈ ਇਸ ਲਈ ਸਾਨੂੰ ਨਤੀਜਾ ਤਿਆਰ ਕਰਨਾ ਪਿਆ ਹੈ। ਫੇਰ ਵੀ ਅਸੀ 12 ਫਾਇਨਲਿਸਟ ਦੀ ਥਾਂ ਤੇ 14 ਪ੍ਰਤੀਯੋਗੀਆਂ ਨੂੰ ਫਾਈਨਲ ਰਾਊਂਡ ਵਿਚ ਚੁਣ ਰਹੇ ਹਾਂ ਅਤੇ ਉਨ੍ਹਾਂ ਨੇ 14 ਫੈਨਾਲਿਸਟ ਦੇ ਨਾਮ ਘੋਸ਼ਿਤ ਕੀਤੇ। ਜਿਸਦਾ ਵੇਰਵਾ ਹੇਠ ਲਿਖਿਆ ਹੈ। ਤਾੜੀਆਂ ਦੀ ਗੂੰਜ ਦੇ ਨਾਲ ਇਕ-ਇਕ ਫੈਨਾਲਿਸਟ ਮੰਚ ਤੇ ਆਉਂਦੇ ਰਹੇ ਉਪਰੰਤ ਪ੍ਰਧਾਨ ਸਾਧਾ ਸਿੰਘ ਜੀ ਨੇ ਪੰਡਤ ਸ਼ੈਲੇਂਦਰ ਜੀ ਨੂੰ ਅਤੇ ਗੁਰਭੇਜ ਸਿੰਘ ਜੀ ਨੇ ਅਨਿਕ ਪ੍ਰਕਾਰ ਦੇ ਤੋਹਫ਼ੇ ਆਦਿ ਭੇਟ ਕਰ ਦੋਵੇਂ ਜਜ ਸਾਹਿਬਾਨ ਦਾ ਸਨਮਾਨ ਕੀਤਾ। ਸਾਰੇ ਫਾਈਨਲ ਰਾਊਂਡ ਲਯੀ ਚੁਣੇ ਪ੍ਰਤੀਯੋਗੀਆਂ ਨਾਲ ਫੋਟੋਆਂ ਖਿੱਚਿਆ ਗਈਆਂ। ਉਪਰੰਤ ਬਾਕੀ ਸਾਰੇ ਪ੍ਰਤੀਯੋਗੀਆਂ ਨਾਲ ਅਤੇ ਦਿੱਲੀ ਦੇ ਸਾਰੇ ਸੇਵਾਦਾਰਾਂ ਨਾਲ ਫੋਟੋਆਂ ਖਿੱਚ ਇਹਨਾ ਪਲਾਂ ਨੂੰ ਯਾਦ ਗਾਰ ਬਣਾਇਆ ਗਿਆ। ਜਿੱਤ ਹਾਰ ਦੇ ਭੇਦ ਤੋਂ ਪਰੇ ਸਭ ਸੰਗੀਤ ਨਾਲ ਜੁੜੇ ਹੋਏ ਸੰਗੀਤਕਾਰ ਸੰਗੀਤ ਦੇ ਮਹੋਤਸਵ ਦ ਆਨੰਦ ਮਾਣਦੇ ਨਜ਼ਰ ਆਏ। ਕਈਆਂ ਦੇ ਨਵੇਂ ਮਿੱਤਰ ਬਣੇ, ਸਿੱਖ ਜਗਤ ਵਿੱਚ ਸੰਗੀਤ ਦਾ ਅਜਿਹਾ ਰੰਗ ਵੇਖ ਬੰਗਾਲ ਮਹਾਰਾਸ਼ਟਰ, ਕਰਨਾਟਕ ਆਦਿ ਪ੍ਰਾਂਤਾ ਤੋ

ਆਏ ਕਲਾਕਾਰ ਹੈਰਾਨ ਵੀ ਸਨ ਤੇ ਖੁਸ਼ ਵੀ। ਕਰਨਪਾਲ ਸਿੰਘ ਅਤੇ ਬਲਵੰਤ ਸਿੰਘ ਜੀ ਨੇ ਬੜੀ ਨਿਸ਼ਠਾ ਨਾਲ ਸਾਰਾ ਆਯੋਜਨ ਸਿਰਜਿਆ ਅਤੇ ਸਮੇਟਿਆ ਸੀ 21 ਤਰੀਕ ਨੂੰ ਸਭ ਜੇਤੂਆਂ ਨੂੰ ਸ੍ਰੀ ਭੈਣੀ ਸਾਹਿਬ ਲਿਜਾਣ ਲਈ ਵਿਉਂਤ ਦਸ ਦਿੱਤੀ ਗਈ ਸੀ। ਸਵੇਰੇ 10 ਵਜੇ ਜੇਤੂਆਂ ਨੇ ਸ੍ਰੀ ਭੈਣੀ ਸਾਹਿਬ ਲਈ ਰਵਾਨਾ ਹੋਣਾ ਹੈ। ਅੱਜ ਦੀ ਸ਼ਾਮ ਭਾਵਨਾਤਮਕ ਢੰਗ ਨਾਲ ਰਾਤ ਦੀ ਆਗੋਸ਼ ਵਿੱਚ ਕਈ ਸੁਪਨੇ ਸਿਰਜਣ ਲਈ ਜਾ ਸਮੋਈ। ਦੋਨੋਂ ਦਿਨ ਪ੍ਰਤੀਯੋਗੀਆਂ ਨੂੰ ਮੰਚ ਤੇ ਨਾਮ ਅਨਾਉਂਸ ਕਰ ਸਦਨ ਦੀ ਸੇਵਾ ਦਾਸ ਦੇ ਨਾਲ ਆਤਮਾ ਅਤੇ ਅਰਜਨ ਕੌਰ ਨੇ ਕੀਤੀ।

**ਅੱਜ ਦੇ ਜੇਤੂਆਂ ਦਾ ਵੇਰਵਾ**

ਅਭੈ ਸਿੰਘ ਪੂਨੇ (ਮਹਾਰਾਸ਼ਟਰ) ਤੋਂ, ਦਰਸ਼ਨ ਮੇਲਾਵਨਕੀ ਬੀਜਾਪੁਰ (ਕਰਨਾਟਕ) ਤੋਂ, ਸੁਰਭੀ ਸੁਰੇਸ਼ ਧਾਰਵਾੜ (ਕਰਨਾਟਕ), ਇਸ਼ਾਨ ਘੋਸ਼ ਕੋਲਕਾਤਾ (ਵੈਸਟ ਬੰਗਾਲ) ਤੋਂ, ਜੀਵਨ ਪਾਟਿਲ ਕੋਹਲਾਪੁਰ (ਮਹਾਰਾਸ਼ਟਰਾ) ਤੋਂ, ਜਯੋਤੀ ਪਰਕਾਸ਼ ਓਝਾ ਕਟਕ (ਉੜੀਸਾ) ਤੋਂ, ਪ੍ਰਾਚੀ ਖੋਤ ਔਰੰਗਾਬਾਦ (ਮਹਾਰਾਸ਼ਟਰ) ਤੋਂ, ਸਾਈ ਸਮੀਰ ਕਟਦਰੇ ਥਾਣੇ (ਪਸ਼ਿਚਮ ਮਹਾਰਾਸ਼ਟਰਾ) ਤੋਂ, ਸਾਹਿਲ ਰਾਜੇਸ਼ ਭੋਗਲ ਮੁੰਬਈ (ਮਹਾਰਾਸ਼ਟਰ) ਤੋਂ, ਸਤਾਨਿਕ ਚੈਟਰਜੀ ਔਰੰਗਾਬਾਦ (ਮਹਾਰਾਸ਼ਟਰ) ਤੋਂ, ਸਾਵਣਿ ਗੋਗਟੇ ਔਰੰਗਾਬਾਦ (ਮਹਾਰਾਸ਼ਟਰਾ) ਤੋਂ, ਸੂਭਜੀਤ ਪਾਤਰਾ (ਵੈਸਟ ਬੰਗਾਲ) ਤੋਂ, ਤਨਿਸ਼ਕ ਅਰੋੜਾ ਅਮ੍ਰਿਤਸਰ (ਪੰਜਾਬ) ਤੋਂ, ਕਿਸ਼ਨ ਪ੍ਰਕਾਸ਼ ਖੈਰਗੜ (ਛੱਤੀਸਗੜ) ਤੋਂ।

**21 ਨਵੰਬਰ 2022-** ਸ੍ਰੀ ਭੈਣੀ ਸਾਹਿਬ ਦੀ ਧਰਤੀ ਜਿਹੜੀ ਨਵੀਆਂ ਕ੍ਰਾਂਤੀਆਂ ਦੀ ਕੇਂਦਰ ਰਹੀ ਹੈ ਭਾਵੇਂ ਦੇਸ਼ ਦੀ ਆਜ਼ਾਦੀ ਦੀ ਲਹਿਰ ਹੋਏ ਭਾਵੇਂ ਸਮਾਜ ਕਲਿਆਣ ਅਤੇ ਇਸਤਰੀ ਜਾਤੀ ਦੇ ਉਧਾਰ ਦੀ ਗੱਲ ਕਰ ਲਈਏ ਭਾਵੇਂ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਸਿਖੀ ਮਰਿਯਾਦਾ ਦੀ ਗੱਲ ਕਰ ਲਈਏ, ਸ਼ੁਧ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਦੀ ਗੱਲ ਕਰ ਲਈਏ ਭਾਵੇਂ ਸ਼ਾਕਾਹਾਰ ਅਭਿਆਨ ਦੀ ਗੱਲ ਕਰ ਲਈਏ ਭਾਵੇਂ ਗੁਰੂ ਨਾਨਕ ਨਾਮ ਲੇਵਾ ਭਾਈਚਾਰੇ ਦੇ ਯਤਨਾਂ ਦੀ ਗੱਲ ਕਰ ਲਈਏ, ਸ੍ਰੀ ਭੈਣੀ ਸਾਹਿਬ ਦੀ ਧਰਤੀ ਨੇ ਹਮੇਸ਼ਾਂ ਅਗਵਾਈ ਕੀਤੀ ਹੈ। ਅੱਜ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਸ਼ਾਸਤਰੀ ਸੰਗੀਤ ਨੂੰ ਹੋਰ ਮਹਿਕਾਨ ਲਈ ਨਵੇਂ ਅੰਜਾਮ ਸਿਰਜ ਰਹੀ ਹੈ ਅਤੇ ਉਸੇ ਭੈਣੀ ਸਾਹਿਬ ਦੀ ਧਰਤੀ ਤੇ ਭਾਰਤ ਦੇ ਵੱਖ-ਵੱਖ ਪ੍ਰਾਂਤਾ ਤੋਂ ਸੰਗੀਤ ਸਿਖਿਆਰਥੀ ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤਿਯੋਗਿਤਾ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਚ ਗ੍ਰੈਂਡ ਫਿਨਾਲੇ ਭਾਵ ਫਾਈਨਲ ਪ੍ਰਤੀਯੋਗਿਤਾ ਵਿੱਚ ਹਿੱਸਾ ਲੈਣ ਲਈ ਪਹੁੰਚਣਾ ਸ਼ੁਰੂ ਹੋ ਚੁੱਕੇ ਸਨ। ਜੂਨੀਅਰ ਵਰਗ ਦੇ ਪ੍ਰਤਿਯੋਗੀ ਆਪਣੇ-ਆਪਣੇ ਘਰਾਂ ਤੋਂ ਹੀ ਚਲ ਕੇ ਸ੍ਰੀ ਭੈਣੀ ਸਾਹਿਬ ਪਹੁੰਚੇ ਸਨ। ਜਿਨ੍ਹਾਂ ਦੇ ਆਉਣ ਜਾਨ ਦੀ ਵਿਵਸਥਾ ਭੈਣੀ ਸਾਹਿਬ ਦੇ ਪ੍ਰਬੰਧਕੀ ਅਦਾਰੇ ਵੱਲੋਂ ਕੀਤੀ ਗਈ ਸੀ ਅਤੇ ਸੀਨੀਅਰ ਵਰਗ ਦੇ ਪ੍ਰਤੀਯੋਗੀਆਂ ਨੂੰ ਵਿਸ਼ੇਸ਼ ਤੌਰ ਤੇ ਕੀਤੀਆਂ ਗੱਡੀਆਂ ਰਾਹੀਂ ਦਿੱਲੀ ਤੋਂ ਭੈਣੀ ਸਾਹਿਬ ਲਿਆਂਦਾ ਗਿਆ। ਹਰਕੀਰਤ ਸਿੰਘ ਅਤੇ ਪੰਡਤ ਰਾਜੇਸ਼ ਮਾਲਵੀਆ ਜੀ ਨੇ ਇਨ੍ਹਾਂ ਦਾ ਸਵਾਗਤ ਕੀਤਾ। ਨਵੀਂ ਬਣੀ ਬਿਲਡਿੰਗ ਵਿੱਚ ਸਭ ਦੇ ਡੇਰੇ ਲਵਾ ਦਿੱਤੇ ਗਏ। ਕਰਨਪਾਲ ਸਿੰਘ ਹੋਰ ਰੁਝੇਵਿਆਂ ਵਿੱਚ ਰੁਝੇ ਸਨ ਅਤੇ ਬਲਵੰਤ ਸਿੰਘ ਗ੍ਰੈਂਡ ਫਿਨਾਲੇ ਦੇ ਜੱਜ ਅਤੇ ਮਹਾਨ ਵਿਦਵਾਨ ਪੰਡਤ ਅਜੇ ਚੱਕਰਵਰਤੀ ਜੀ ਨੂੰ ਆਗਲਵਾਂਡੀ ਲੈਣ ਲਈ ਚੰਡੀਗੜ੍ਹ ਸ਼ਹੀਦ ਭਗਤ ਸਿੰਘ ਏਅਰਪੋਰਟ ਗਏ ਹੋਏ ਸਨ। ਜਿਥੇ ਉਹਨਾਂ ਨੇ ਮਾਨਯੋਗ ਪੰਡਤ ਜੀ ਦਾ ਡੇਰਾ ਨੀਲੋਂ ਹੋਟਲ ਵਿੱਚ ਲਵਾਇਆ। ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਆਏ ਮਹਿਮਾਨਾਂ ਦੀ ਸੇਵਾ ਲਈ ਜਿਸ ਦੀ ਜੋ ਜੋ ਜਿੰਮੇਵਾਰੀ ਲਾਈ ਉਸਨੇ ਉਹ ਬੜੀ ਸ਼ਰਧਾ ਨਾਲ ਨਿਭਾਈ । ਸੰਤ ਵਰਿਆਮ ਸਿੰਘ, ਰਣਜੀਤ ਸਿੰਘ ਦੀ ਟੀਮ ਨੇ ਵਿਸ਼ੇਸ਼ ਲੰਗਰ ਅਤੇ ਜਲ-ਪਾਣ ਦਾ ਇੰਤਜ਼ਾਮ ਕੀਤਾ ਹੋਇਆ ਸੀ। ਲੰਗਰ ਤੋਂ ਇਲਾਵਾ ਦੁੱਧ, ਚਾਹਟਾ, ਲੱਸੀ, ਫਲ ਫਰੂਟ ਆਦਿ ਕਿਸੇ ਪ੍ਰਕਾਰ ਦੇ ਪਦਾਰਥ ਦੀ ਕੋਈ ਕਮੀਂ ਨਹੀਂ ਸੀ। ਪ੍ਰਤੀਯੋਗੀ ਅਤੇ ਉਨ੍ਹਾਂ ਨਾਲ ਆਏ ਸਾਥੀ ਖਾਸ ਤੌਰ ਤੇ ਇਥੇ ਆ ਕੇ ਬਹੁਤ ਖੁਸ਼ ਸਨ।

**22 ਨਵੰਬਰ 2022-** ਪ੍ਰਤਾਪ ਮੰਦਰ ਵਿੱਚ ਸੰਗੀਤ ਪ੍ਰਤਿਯੋਗੀ ਅਤੇ ਸਾਧ ਸੰਗਤ ਠੀਕ 10 ਵਜੇ ਬਿਰਾਜਮਾਨ ਹੋ ਗਏ। ਸਟੇਜ ਨੂੰ ਬੰਤਾ ਸਿੰਘ ਦੇ ਡਿਜਾਈਨ ਕੀਤੇ ਬੈਨਰ ਨਾਲ ਸਜਾਇਆ ਗਿਆ ਸੀ। ਲਾਈਟ ਅਤੇ ਸਾਉਂਡ ਦਾ ਪ੍ਰਬੰਧ ਯੋਜਨਾ ਬੱਧ ਢੰਗ ਨਾਲ ਤਿਆਰ ਕੀਤਾ ਜਾ ਚੁੱਕਾ ਸੀ। ਮੰਚ ਦੇ ਠੀਕ ਸਾਹਮਣੇ ਸ੍ਰੀ ਸਤਿਗੁਰੂ ਜੀ ਲਈ ਅਤੇ ਸੰਗੀਤ ਦੇ ਮਹਾਨ ਪੰਡਤ ਅਜੇ ਚਕਰਵਰਤੀ ਜੀ ਲਈ ਸੁੰਦਰ ਆਸਣ ਲੱਗੇ ਹੋਏ ਸਨ। ਕੁਝ ਪਲਾਂ ਵਿੱਚ ਸ੍ਰੀ ਹਜ਼ੂਰ ਸਤਿਗੁਰੂ ਜੀ ਦਰਸ਼ਨ ਦਿੱਤੇ ਅਤੇ ਆਸਨ ਤੇ ਬਿਰਾਜ ਮਾਨ ਹੋਏ। ਮਗਰ ਹੀ ਸੰਗੀਤ ਦੇ ਮਹਾਨ ਵਿਦਵਾਨ ਪੰਡਤ ਚਕਰਵਰਤੀ ਜੀ ਨੇ ਬੜੀ ਸ਼ਰਧਾ ਨਾਲ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸਤਿਗੁਰੂ ਜੀ ਵੀ ਅੱਗੋਂ ਪੂਰਾ ਮਾਨ

ਸਨਮਾਨ ਦਿੱਤਾ। ਸਤਿਗੁਰੂ ਜੀ ਅਤੇ ਪੰਡਤ ਜੀ ਆਪਣੇ-ਅਪਾਣੇ ਆਸਣ ਤੇ ਬਿਰਾਜਮਾਨ ਹੋਏ।

11 ਵਜੇ ਬਲਵੰਤ ਸਿੰਘ ਨੇ ਮੰਚ ਤੇ ਆ ਕੇ ਗੁਰੂ ਚਰਨਾਂ ਵਿੱਚ ਮੰਗਲਾਚਾਰ ਕਰਕੇ ਇਸ ਪ੍ਰਤੀਯੋਗਿਤਾ ਦੇ ਹੁਣ ਤੱਕ ਦੇ ਸਫ਼ਰ ਦੀ ਵਿਸਥਾਰ ਪੂਰਨ ਜਾਣਕਾਰੀ ਦਿੱਤੀ। ਸਤਿਗੁਰੂ ਜਗਜੀਤ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੰਗੀਤ ਪ੍ਰਤੀ ਦੇਣ ਬਾਰੇ ਦੱਸਿਆ। ਬਲਵੰਤ ਸਿੰਘ ਨੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਸੇਵਾ ਸਿਮਰਨ ਅਤੇ ਸੰਗੀਤ ਨਾਲ ਹੀ ਜੁੜਿਆ ਹੋਇਆ ਸੀ। ਉਪਰੰਤ ਉਨ੍ਹਾਂ ਨੇ ਮੰਚ ਸੰਚਾਲਨ ਲਈ ਪੰਡਤ ਰਾਜੇਸ਼ ਮਾਲਵੀਆ ਜੀ ਨੂੰ ਸੱਦਾ ਦਿੱਤਾ। ਪੰਡਤ ਰਾਜੇਸ਼ ਮਾਲਵੀਆ ਜੀ ਨੇ ਗੁਰੂ ਵੰਦਨਾਂ ਕਰ ਸਤਿਗੁਰੂ ਜੀ ਅਤੇ ਪੰਡਤ ਜੀ ਦੇ ਚਰਨਾਂ ਵਿੱਚ ਬਿਨਤੀ ਕੀਤੀ ਕਿ ਮੰਚ ਤੇ ਆ ਕੇ ਪ੍ਰੋਗਰਾਮ ਆਰੰਭ ਕਰਨ ਦੀ ਆਗਿਆ ਦੇਣ।

ਸਤਿਗੁਰੂ ਜੀ ਅਤੇ ਪੰਡਿਤ ਜੀ ਨੇ ਜੋਤ ਜਗਾ ਕੇ ਅੱਜ ਦੀ ਜੂਨੀਅਰ ਵਰਗ ਦੀ ਪ੍ਰਤਿਯੋਗਿਤਾ ਨੂੰ ਆਰੰਭ ਕਰਨ ਦੀ ਆਗਿਆ ਦਿੱਤੀ। ਬਲਵੰਤ ਸਿੰਘ ਹਰਪ੍ਰੀਤ ਸਿੰਘ ਅਤੇ ਅਵਤਾਰ ਕੌਰ ਨੇ ਵੀ ਜੋਤ ਪ੍ਰਜਵਲਿਤ ਵਿੱਚ ਅਪਣਾ ਹਿੱਸਾ ਪਾਇਆ।

ਉਪਰੰਤ ਸੰਗੀਤ ਦੇ ਮਹਾਂ ਵਿਦਵਾਨ ਪਦਮ ਭੂਸ਼ਨ ਪੰਡਤ ਅਜੇ ਚਕਰਵਰਤੀ ਜੀ ਨੇ ਸੰਸਕ੍ਰਿਤੀ ਦੇ ਸਲੋਕ ਦੇ ਨਾਲ ਸਤਿਗੁਰੂ ਉਦੇ ਸਿੰਘ ਜੀ ਨੂੰ ਨਮਨ ਕੀਤਾ ਤੇ ਆਏ ਹੋਏ ਸਿਖਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਤੁਸੀਂ ਜਿਹੜੇ ਸੰਗੀਤ ਦੇ ਸਿਖਆਰਥੀ ਹੋ, ਸੰਗੀਤ ਸਿਖਦੇ ਹੋ, ਮੈਂ ਦੱਸਣਾ ਚਾਵਾਂਗਾ ਕਿ ਮੈਂ ਵੀ ਸੰਗੀਤ ਦਾ ਸਿਖਿਆਰਥੀ ਹੀ ਹਾਂ, ਹੋ ਸਕਦਾ ਹੈ ਮੇਰਾ ਤਜ਼ਰਬਾ ਤੁਹਾਡੇ ਤੋ ਜਿਆਦਾ ਹੋਵੇ ਪਰ ਮੈਂ ਅੱਜ ਵੀ ਸਿਖਦਾ ਹਾਂ।ਮੈਂ ਪਿਛਲੇ 66 ਸਾਲ ਤੋਂ ਸੰਗੀਤ ਦੀ ਰੌਸ਼ਨੀ ਦਾ ਆਨੰਦ ਮਾਨ ਰਿਹਾ ਹਾਂ, ਫਿਰ ਪੰਡਤ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਗੀਤ ਦੀ ਦੇਣ ਬਾਰੇ ਰੌਸ਼ਨੀ ਪਾਈ। ਉਹਨਾਂ ਨੇ ਆਖਿਆ ਕਿ ਇਸ ਨੂੰ ਪ੍ਰਤਿਯੋਗਿਤਾ ਨਾ ਸਮਝਿਆ ਜਾਵੇ ਬਸ ਸਤਿਗੁਰੂ ਜੀ ਦਾ ਅਸ਼ੀਰਵਾਦ ਲਵੋ ਅਤੇ ਦਿਲ ਨਾਲ ਗਾਵੋ।

ਅੱਜ ਦੀ ਇਸ ਜੂਨੀਅਰ ਪ੍ਰਤੀਯੋਗਿਤਾ ਦੇ ਫਾਈਨਲ ਮੁਕਾਬਲੇ ਵਿੱਚ ਸਭ ਤੋਂ ਪਹਿਲੀ ਪੇਸ਼ਕਾਰੀ ਵਾਰਾਨਸੀ ਦੀ ਆਧਿਆ ਮੁਖਰਜੀ ਦੀ ਰਹੀ ਇਸਨੇ ਬਹੁਤ ਸੁੰਦਰ ਬੰਦਿਸ਼ ਰਾਗ ਗੁਜਰੀ ਵਿੱਚ ਗਾਇਨ ਕੀਤੀ। ਪੰਡਤ ਜੀ ਨੇ ਪੇਸ਼ਕਾਰੀ ਤੋਂ ਬਾਅਦ ਕੁਝ ਸਵਾਲ ਕੀਤੇ। ਗੁਜਰੀ ਤੋੜੀ ਵਿੱਚ ਕੁਝ ਗਾਉਣ ਲਈ ਆਖਿਆ ਆਧਿਆ ਨੇ ਉਸਦੇ ਸੁਰ ਲਗਾਏ ਪੰਡਤ ਜੀ ਨੇ ਆਧਿਆ ਦੀ ਆਵਾਜ਼ ਦੀ ਸਿਫਤ ਕਰਦਿਆਂ ਕੁਝ ਹਿਦਾਇਤਾਂ ਦੇ ਕੇ ਆਸ਼ੀਰਵਾਦ ਦਿੱਤਾ।

ਇਸ ਤੋਂ ਅਗਲੀ ਪੇਸ਼ ਕਾਰੀ ਅੰਜਲੀ ਅੰਗਦ ਗਾਇਕਵਾੜ ਅਹਿਮਦ ਨਗਰ ਮਹਾਰਾਸ਼ਟਰ ਦੀ ਰਹੀ। ਇਸਨੇ ਰਾਗ ਮੁਲਤਾਨੀ ਦੀ ਪੇਸ਼ਕਾਰੀ ਕੀਤੀ। ਅੰਜਲੀ ਆਪਣੇ ਪਿਤਾ ਸ੍ਰੀ ਅੰਗਦ ਗਾਇਕਵਾਡ ਜੀ ਪਾਸੋਂ ਹੀ ਸੰਗੀਤ ਦੀ ਤਾਲੀਮ ਲੈ ਰਹੀ ਹੈ ਪੰਡਤ ਜੀ ਨੇ ਅੰਜਲੀ ਨੂੰ ਕੁਝ ਸਵਾਲ ਜਵਾਬ ਕੀਤੇ। ਪੰਡਤ ਜੀ ਕੁਝ ਬੋਲ ਕੇ ਅੰਜਲੀ ਤੋਂ ਉਸਦੇ ਸੁਰ ਪੁਛੇ ਅਤੇ ਤਾਨ ਤੇ ਹੋਰ ਅਭਿਆਸ ਕਰਨ ਦੀ ਅਤੇ ਅਪਣੀ ਸਪੀਡ ਤੇ ਕੰਟਰੋਲ ਕਰਨ ਦੀ ਹਦੈਤ ਦਿੱਤੀ।

ਅਗਲੀ ਪੇਸ਼ਕਾਰੀ ਗੋਆ ਦੀ ਅੰਸਿਕਾ ਚੰਗਦੇਵ ਨਾਇਕ ਦੀ ਰਹੀ ਇਸਨੇ ਰਾਗ ਮਨੋਰੰਜਨੀ ਵਿੱਚ ਜੋ ਬੰਦਿਸ਼ ਸੁਣਾਈ। ਪੇਸ਼ਕਾਰੀ ਤੋਂ ਬਾਅਦ ਪੰਡਤ ਜੀ ਨੇ ਇਸਨੂੰ ਪੁਛਿਆ ਕਿ ਤੂੰ ਕੋਈ ਪ੍ਰਚਲਿਤ ਜਾਂ ਸੌਖਾ ਰਾਗ ਕਿਉਂ ਨਹੀਂ ਚੁਣਿਆ ਤਾਂ ਅੰਸਿਕਾ ਨੇ ਦੱਸਿਆ ਕੇ ਉਸਨੂੰ ਜਿਤੇਂਦਰ ਅਭਿਸ਼ੇਕ ਜੀ ਬਹੁਤ ਪਸੰਦ ਹੈ ਅਤੇ ਇਹ ਉਨ੍ਹਾਂ ਦੀ ਹੀ ਗਾਈ ਬੰਦਿਸ਼ ਹੈ। ਪੰਡਤ ਜੀ ਨੇ ਅੰਸਿਕਾ ਦੁਆਰਾ ਤ੍ਰਿਤਿਅ ਤਾਲ ਗਾਏ ਮੁਖੜੇ ਨੂੰ ਸਮ ਤੋਂ ਗਾਉਣ ਲਈ ਆਖਿਆ। ਪੰਡਤ ਜੀ ਹਰ ਪ੍ਰਤਿਯੋਗੀ ਨੂੰ ਆਪਣੀ ਪਰਖ ਦੀ ਕਸਵੱਟੀ ਤੇ ਪਰਖ ਰਹੇ ਸਨ।

ਅਗਲੀ ਪੇਸ਼ਕਾਰੀ ਵੇਸਟ ਬੰਗਾਲ ਨਾਦੀਆ ਤੋਂ ਹੇਸ ਬਿਹਾਰਾ ਚਕਰ ਵਰਤੀ ਦੀ ਰਹੀ। ਇਸਨੇ ਜੋ ਬੰਦਿਸ ਸੁਣਾਈ ਉਹ ਇਸਨੇ ਵਿਦੁਸੀ ਸ੍ਰੀ ਕੌਸ਼ਕੀ ਜੀ ਪਾਸੋ ਸਿਖੀ ਸੀ।

ਇਸ ਤੋਂ ਅਗਲੀ ਪੇਸ਼ਕਾਰੀ ਗੋਵਾ ਦੇ ਕਰਨ ਦੇਓਗਾਓਂਕਰ ਦੀ ਰਹੀ। ਪੰਡਤ ਜੀ ਨੇ ਇਸਨੂੰ ਤਾਨਪੁਰੇ ਨਾਲ ਹੋਰ ਅਭਿਆਸ ਕਰਨ ਦੀ ਹਿਦਾਇਤ ਦਿੱਤੀ ਅਤੇ ਭਵਿਖ ਲਈ ਅਸ਼ੀਰਵਾਦ ਦਿੱਤਾ।

ਇਸ ਤੋਂ ਅੱਗਲੀ ਪੇਸ਼ਕਾਰੀ ਪੁਨੇ ਦੀ ਮੈਤਰੇਈ ਭੋਗਲੇ ਦੀ ਰਹੀ। ਪੇਸ਼ਕਾਰੀ ਤੋਂ ਬਾਅਦ ਪੰਡਤ ਜੀ ਨੇ ਇਸਨੂੰ ਰਿਆਜ ਤੇ ਥੋੜਾ ਧਿਆਨ ਦੇਣ ਦੀ ਹਦੈਤ ਦੇ ਨਾਲ ਆਸ਼ੀਰਵਾਦ ਦਿੱਤਾ।

ਇਸ ਪੇਸ਼ਕਾਰੀ ਤੋਂ ਬਾਅਦ ਭੋਜਨ ਲਈ ਇਕ ਘੰਟੇ ਦਾ ਵਿਰਾਮ ਦਿੱਤਾ ਗਿਆ ਅਤੇ 2:30 ਵਜੇ ਫਿਰ

ਪ੍ਰਤਿਯੋਗਤਾ ਆਰੰਭ ਹੋ ਗਈ।

ਅਗਲੀ ਪੇਸ਼ਕਾਰੀ ਚੰਡੀਗੜ੍ਹ ਦੇ ਪਦਮਾਕਰ ਕਸ਼ਿਅਪ ਦੀ ਰਹੀ ਇਸ ਨੇ ਰਾਗ ਮਾਲਕੌਂਸ ਵਿੱਚ ਆਪਣੇ ਦਾਦਾ ਜੀ ਦੀ ਬਣਾਈ ਬੰਦਿਸ਼ ਪੇਸ਼ ਕੀਤੀ। ਜਿਸਨੂੰ ਸੁਣ ਕੇ ਪੰਡਤ ਜੀ ਦੀ ਪਹਿਲਾ ਪ੍ਰਤੀਕਰਮ ਸੀ 'ਬਹੁਤ ਅੱਛਾ ਗਾਇਆ' ਪਦਮਾਕਰ ਦੇ ਗੁਰੂ-ਪਿਤਾ ਪੰਡਤ ਰਾਜਨ-ਸਾਜਨ ਮਿਸ਼ਰਾ ਜੀ ਦੇ ਸ਼ਗਿਰਦ ਹਨ ਅਤੇ ਇਸ ਬੱਚੇ 'ਚ ਉਨ੍ਹਾਂ ਦੀ ਗਾਈਕੀ ਦੀ ਮਹਿਕ ਆਉਂਦੀ ਸੀ। ਜਦੋਂ ਇਹ ਅਪਣੀ ਪੇਸ਼ਕਾਰੀ ਦੇ ਰਿਹਾ ਸੀ, ਸਤਿਗੁਰੂ ਜੀ ਵੀ ਇਸਦੀ ਗਾਈਕੀ ਨੂੰ ਨਿਵਾਜ ਰਹੇ ਸਨ। ਪੰਡਤ ਜੀ ਨੇ ਇਸਨੂੰ ਤੰਬੂਰੇ ਨਾਲ ਰਿਆਜ ਕਰਨ ਦੀ ਹਦਾਇਤ ਕੀਤੀ, ਇਸਨੇ ਪੇਸ਼ਕਾਰੀ ਦੇ ਸਮੇਂ ਸੁਰ ਮੰਡਲ ਸਾਥ ਰੱਖਿਆ ਹੋਇਆ ਸੀ। ਪੰਡਤ ਜੀ ਨੇ ਦੱਸਿਆ ਕਿ ਗਾਇਕੀ ਸਮੇਂ ਸੁਰ ਮੰਡਲ ਨੂੰ ਸਭ ਤੋਂ ਪਹਿਲਾਂ ਬੜੇ ਗੁਲਾਮ ਅਲੀ ਸਾਹਿਬ ਨੇ ਵਜਉਣਾ ਸ਼ੁਰੂ ਕੀਤਾ ਸੀ, ਉਦੋਂ ਉਹ ਕਰੀਬ 35 ਸਾਲ ਦੇ ਹੋਣਗੇ। ਪੰਡਤ ਜੀ ਨੇ ਇਸਨੂੰ ਅਜੇ ਤੰਬੂਰੇ ਨਾਲ ਰਿਆਜ ਕਰਨ ਅਤੇ ਸਪੀਡ ਤੇ ਨਿਅੰਤਰਨ ਰਖਣ ਅਤੇ ਸੁਰ ਦਾ ਧਿਆਨ ਰੱਖਣ ਦੀ ਹਦਾਇਤ ਦਿੱਤੀ।

ਅਗਲੀ ਪੇਸ਼ਕਾਰੀ ਵਾਰਾਨਸੀ ਦੇ ਪ੍ਰਨਵ ਸ਼ਕਰ ਦੀ ਰਹੀ ਇਸਨੇ ਰਾਗ ਸ਼ੁਧ ਸਾਰੰਗ 'ਚ ਆਪਣੀ ਪੇਸ਼ਕਾਰੀ ਪ੍ਰਸਤੁਤ ਕੀਤੀ। ਪੰਡਤ ਜੀ ਨੇ ਕੁਝ ਸਵਾਲ ਪੁੱਛ ਕੇ ਕੁਝ ਹਿਦਾਇਤਾਂ ਦੇ ਕੇ ਅਸ਼ੀਰਵਾਦ ਦਿੱਤਾ।

ਅਗਲੀ ਪੇਸ਼ਕਾਰੀ ਅਮ੍ਰਿਤਸਰ ਦੀ ਸਾਂਝ ਜੌਰਾ ਦੀ ਰਹੀ। ਇਸਨੇ ਰਾਗ ਮਾਲਕੋਂਸ ਵਿੱਚ ਪ੍ਰਭਾਵਸ਼ਾਲੀ ਪੇਸ਼ਕਾਰੀ ਪੇਸ਼ ਕੀਤੀ ਪੰਡਤ ਜੀ ਨੂੰ ਇਸਦਾ ਨਾਮ ਸਾਂਝ ਬਹੁਤ ਪਸੰਦ ਆਇਆ, ਪੰਡਤ ਜੀ ਨੇ ਇਸਨੂੰ ਪੁਛਿਆ ਕਿ ਤੂੰ ਜੋ ਗਾਇਆ ਤੈਨੂੰ ਕਿਸ ਤਰਾਂ ਲੱਗਿਆ। ਸਾਂਝ ਨੇ ਬੜੇ ਵਿਸ਼ਵਾਸ਼ ਨਾਲ ਸ਼ਰਮਾਉਂਦੇ ਹੋਏ ਆਖਿਆ ਠੀਕ ਲਗਾ, ਪੰਡਤ ਜੀ ਨੇ ਆਖਿਆ ਤੂੰ ਜੋ ਤੰਬੂਰਾ ਲੈ ਕੇ ਗਾਇਆ, ਇਹ ਸਭ ਤੋਂ ਵਧੀਆ ਗੱਲ ਹੈ। ਤੰਬੂਰਾ ਮਾਂ ਦੇ ਵਰਗਾ ਹੁੰਦਾ ਹੈ ਇਸ ਨਾਲ ਸੁਰ ਦੀ ਧੁਨੀ ਪਰਵਰੀਸ਼ ਹੁੰਦੀ ਹੈ। ਪੰਡਤ ਜੀ ਨੇ ਆਵਾਜ਼ ਦੀ ਸਿਫ਼ਤ ਕੀਤੀ ਅਤੇ ਕੁਝ ਖਾਮੀਆਂ ਲਈ ਹਦਾਇਤ ਦੇ ਕੇ ਅਸ਼ੀਰਵਾਦ ਦਿੱਤਾ। ਪੰਡਤ ਜੀ ਦੀ ਵਿਦਵਤਾ ਦਾ ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਵਾਜ਼ ਸੁਣਕੇ ਹੀ ਸਾਂਝ ਨੂੰ ਪੁਛਿਆ ਤੂੰ ਪਾਣੀ ਘੱਟ ਪਿੰਦਾ ਹੈ, ਉਸਨੇ ਸਵੀਕਾਰ ਕੀਤਾ।

ਅਗਲੀ ਪੇਸ਼ਕਾਰੀ ਬੰਗਲੌਰ ਦੇ ਸ਼ਾਮੰਤਕ ਭਟਾਚਾਰਿਆ ਦੀ ਰਹੀ ਇਸਨੇ ਰਾਗ ਯਮਨ ਵਿੱਚ ਪੇਸ਼ਕਾਰੀ ਦਿੱਤੀ। ਪੰਡਤ ਜੀ ਨੇ ਪੇਸ਼ਕਾਰੀ ਸੁਣਕੇ ਆਖਿਆ ਬਹੁਤ ਅੱਛਾ ਗਾਇਆ। ਪੰਡਤ ਜੀ ਨੇ ਸ਼ਾਮੰਤਕ ਨੂੰ ਪੁੱਛਿਆ ਕਿ ਅਗਰ ਤੈਨੂੰ ਪੜਾਈ ਅਤੇ ਸੰਗੀਤ 'ਚੋਂ ਕਿਸੇ ਇਕ ਨੂੰ ਚੁਣਨਾ ਹੋਵੇ ਤਾਂ ਕਿਸਨੂੰ ਚੁਣੇਗਾ ਤਾਂ ਸਾਮੰਤਕ ਨੇ ਆਖਿਆ ਮੈਂ ਦੋਨਾਂ ਨੂੰ ਨਾਲ ਲੈ ਕੇ ਤੁਰਨਾ ਚਾਹੁੰਦਾ ਹਾਂ। ਪੰਡਤ ਜੀ ਨੇ ਆਖਿਆ ਇਕ ਹਿਮਾਲਾ ਤੇ ਇਕ ਸਮੁੰਦਰ ਦੋਨਾਂ ਨੂੰ ਨਾਲ ਲੈ ਕੇ ਤੁਰਨਾ ਤੇ ਔਖਾ ਹੈ ਤਾਂ ਸਾਮੰਤਕ ਨੇ ਉਤਰ ਦਿੱਤਾ ਕਿ ਮੈਂ ਆਪਣੀ ਆਰਥਿਕਤਾ ਦਾ ਵੀ ਖਿਆਲ ਰੱਖਣਾ ਚਾਹੁੰਦਾ ਹਾਂ। ਸੰਗੀਤ ਵਿੱਚ ਅਗਰ ਕਾਮਯਾਬੀ ਨਾ ਮਿਲੇ ਤਾਂ ਬਹੁਤ ਗਰੀਬੀ ਹੋ ਜਾਂਦੀ ਹੈ ਤਾਂ ਪੰਡਤ ਜੀ ਨੇ ਉਸਨੂੰ ਆਪਣੇ ਜੀਵਨ ਅਤੇ ਦੁਨੀਆਂ ਦੇ ਬੜੇ ਵੱਡੇ ਕਾਮਯਾਬ ਬੰਦਿਆਂ ਦੇ ਉਦਾਹਰਨ ਦੇ ਕੇ ਦੱਸਿਆ ਕਿ ਕਾਮਯਾਬੀ ਕਿਸੇ ਵੀ ਖੇਤਰ ਵਿੱਚ ਮਿਲ ਸਕਦੀ ਹੈ ਬਸ ਲਗਨ ਦੀ ਲੋੜ ਹੈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕਰਦਿਆਂ ਆਖਿਆ ਕਿ ਗੁਰੂ ਨਾਨਕ ਨੇ ਕਿਹੜੀ ਡਿਗਰੀ ਪ੍ਰਾਪਤ ਕੀਤੀ ਸੀ। ਭਾਵੇਂ ਕੋਈ ਯੂ.ਪੀ. ਦਾ ਹੈ, ਭਾਵੇ ਕੋਈ ਗੁਜਰਾਤ ਦਾ ਸਭ ਦੇ ਘਰਾਂ ਵਿੱਚ ਉਨ੍ਹਾਂ ਦੀ ਤਸਵੀਰ ਲੱਗੀ ਹੁੰਦੀ ਹੈ। ਪੰਡਤ ਜੀ ਨੇ ਉਸਨੂੰ ਸੰਗੀਤ ਨਾਲ ਪੂਰੇ ਮਨ ਨਾਲ ਜੁੜਨ ਲਈ ਪ੍ਰੇਰਿਆ ਤੇ ਆਖਿਆ ਮੈਂ ਤੇਰੀ ਆਵਾਜ਼ ਤੋਂ ਪ੍ਰਭਾਵਤ ਹਾਂ।

ਅਗਲੀ ਪੇਸ਼ਕਾਰੀ ਵੇਸਟ ਬੰਗਾਲ ਤੋਂ ਸਵਰਨਦੀਪ ਘੋਸ਼ ਨੇ ਰਾਗ ਜੋਗ ਵਿੱਚ ਕੀਤੀ। ਪੇਸ਼ਕਾਰੀ ਤੋਂ ਬਾਅਦ ਪੰਡਤ ਜੀ ਨੇ ਸਵਰਨਦੀਪ ਦੀ ਸੰਗੀਤਕਾਰੀ ਦੀ ਸਿਫ਼ਤ ਕੀਤੀ ਪਰ ਤਾਨ ਤੇ ਅਭਿਆਸ ਕਰਨ ਲਈ ਕਿਹਾ। ਪੰਡਤ ਜੀ ਨੇ ਬੜੇ ਸੁਚੱਜੇ ਢੰਗ ਨਾਲ ਸਵਰਦੀਪ ਨੂੰ ਅਭਿਆਸ ਕਰਨ ਬਾਰੇ ਪ੍ਰੇਰਿਆ।

ਅਗਲੀ ਪੇਸ਼ਕਾਰੀ ਜੂਨੀਅਰ ਵਰਗ ਦੀ ਅਖੀਰਲੀ ਪੇਸ਼ਕਾਰੀ ਯੁਗਾਂਦਰਾ ਦੀ ਰਹੀ। ਪੰਡਤ ਜੀ ਨੇ ਅਵਾਜ਼ ਦੀ ਸਿਫ਼ਤ ਕੀਤੀ ਪਰ ਤਾਲ ਤੋਂ ਬਹੁਤ ਪ੍ਰਭਾਵਤ ਨਹੀਂ ਸਨ। ਪੰਡਤ ਜੀ ਨੇ ਯੁਗਾਂਦਰਾ ਨੂੰ ਤਾਲੀਮ ਦੀ ਤਾਲ ਤੇ ਅਭਿਆਸ ਕਰਨ ਨੂੰ ਆਖਿਆ, ਲੈਅ ਨੂੰ ਠੀਕ ਕਰਨ ਦੀ ਹਦਾਇਤ ਦਿੱਤੀ ਅਤੇ ਚੰਗੀ ਆਵਾਜ਼ ਨੂੰ ਚੰਗੀ ਤਰ੍ਹਾਂ ਇਸਤੇਮਾਲ ਕਰਨ ਦਾ ਅਸ਼ੀਰਵਾਦ ਦਿੱਤਾ।

ਇਸ ਦੇ ਨਾਲ ਜੂਨੀਅਰ ਵਰਗ ਸਾਰੇ ਪ੍ਰਤਿਯੋਗੀਆਂ ਨੇ ਆਪਣੀ ਪੇਸ਼ਕਾਰੀ ਦੇ ਦਿੱਤੀ ਸੀ। ਹੁਣ ਵਾਰੀ ਸੀ ਰਿਜਲਟ ਦੀ। ਪੰਡਤ ਜੀ ਨੇ ਰਿਜਲਟ ਅਨਾਊਂਸ ਕਰਨ ਤੋਂ ਪਹਿਲਾਂ ਸੰਬੋਧਨ ਕਰਦਿਆਂ ਆਖਿਆ ਕਿ ਬੜੀ ਖੁਸ਼ੀ ਹੋ ਰਹੀ ਹੈ ਬਹੁਤ ਅੱਛੇ ਸੰਗੀਤ ਕਰਨੇ ਵਾਲੇ ਬੱਚੇ ਸਾਹਮਣੇ ਆਏ ਹੈ। ਅਗਰ ਇਹ ਪ੍ਰਤਿਯੋਗਤਾ ਇਸੀ ਤਰ੍ਹਾਂ ਲੰਬੇ ਸਮੇਂ ਤਕ ਚਲੇ ਤੋ ਸਤਿਗੁਰੂ ਜੀ ਜੋ ਭਾਰਤ ਕੇ ਸੰਗੀਤ ਕੀ ਸੇਵਾ ਕਰ ਰਹੇ ਹੈਂ, ਉਸਕੇ ਅੱਛੇ ਰਿਜਲਟ ਆਏਂਗੇ। ਇਸ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਸਾਰੇ ਫਾਈਨਲ ਦੇ ਪ੍ਰਤਿਯੋਗੀਆਂ ਨੂੰ ਮੈਮੰਟੋ ਬਖਸ਼ਿਸ਼ ਕੀਤਾ ਗਿਆ ਅਤੇ ਮਾਲਾ ਬਖਸ਼ਿਸ਼ ਕੀਤੀ ਗਈ। ਜ਼ਿਕਰਯੋਗ ਹੈ ਮੋਮੈਂਟੋ ਦਾ ਡਿਜਾਇਨ ਯੁਵਰਾਜ ਸਿੰਘ ਨੇ ਤਿਆਰ ਕੀਤਾ ਸੀ। ਉਪਰੰਤ ਸੰਗੀਤ ਸਮਰਾਟ ਪਦਮ ਭੂਸ਼ਣ ਪੰਡਤ ਸ੍ਰੀ ਅਜੈ ਚੱਕਰਵਰਤੀ ਜੀ ਨੇ ਅੱਜ ਦੇ ਨਤੀਜੇ ਘੋਸ਼ਿਤ ਕੀਤੇ ਅਤੇ ਉਨ੍ਹਾਂ ਨੂੰ ਇਨਾਮ ਦੀ ਪੰਡਤ ਜੀ ਪਾਸੋਂ ਪ੍ਰਾਪਤ ਹੋਏ।

ਤੀਸਰਾ ਇਨਾਮ  ਅੰਮ੍ਰਿਤਸਰ 21000 ਦਾ ਚੈੱਕ ਵੀ ਪ੍ਰਾਪਤ ਹੋਇਆ।

ਦੂਸਰਾ ਇਨਾਮ ਦੋ ਪ੍ਰਤਿਯੋਗੀਆਂ ਨੂੰ ਮਿਲਿਆ, ਅੰਜਲੀ ਅੰਗਦ ਗਾਇਕਵਾਡ ਮਹਾਰਾਸਟਰ ਅਤੇ ਪਦਮਾਕਰ ਕਸ਼ਅਪ ਚੰਡੀਗੜ੍ਹ। ਇਨ੍ਹਾਂ ਦੋਵਾਂ ਨੂੰ 31000 ਦੇ ਚੈੱਕ ਵੀ ਦਿੱਤੇ ਗਏ।

ਪਹਿਲਾ ਇਨਾਮ ਆਦਿਆ ਮੁਖਰਜੀ ਨੂੰ ਦਿੱਤਾ ਗਿਆ। 51,000 ਦਾ ਚੈੱਕ ਅਤੇ ਪਹਿਲੇ ਸਥਾਨ ਦੀ ਟਰਾਫੀ ਵੀ ਦਿੱਤੀ ਗਈ।

**ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਿਤਾ (ਸੀਨੀਅਰ ਵਰਗ)**

**23-11-2022** ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪ੍ਰਤਾਪ ਮੰਦਰ ਵਿੱਚ ਸੰਗੀਤ ਸਰੋਤਿਆਂ, ਪ੍ਰਤਿਯੋਗੀਆਂ ਅਤੇ ਸਾਧ ਸੰਗਤ ਦਾ ਇਕੱਠ ਅੱਜ ਦੀ ਪ੍ਰਤਿਯੋਗਿਤਾ ਦਾ ਆਨੰਦ ਮਾਨਣ ਲਈ ਗਿਆਰਾਂ ਵਜੇ ਚੌਂਕੜੇ ਮਾਰ ਸੁੰਦਰ ਹਾਲ ਦੀ ਸੋਭਾ ਵਧਾ ਰਿਹਾ ਸੀ। ਪ੍ਰਤਿਯੋਗਿਤਾ ਦੇ ਜੱਜ ਪਦਮ ਭੂਸ਼ਨ ਸ੍ਰੀ ਅਜੈ ਚਕਰਵਰਤੀ ਜੀ ਵੀ ਆਪਣੇ ਆਸਣ ਤੇ ਵਿਰਾਜਮਾਨ ਸਨ, ਮੰਚ ਸੰਚਾਲਨ ਪੰਡਤ ਰਾਜੇਸ਼ ਮਾਲਵੀਆ ਜੀ ਨੇ ਗੁਰੂ ਵੰਦਨਾ ਕਰ, ਸਤਿਗੁਰੂ ਜੀ ਤੇ ਪੰਡਤ ਜੀ ਪਾਸੋਂ ਪ੍ਰਤਿਯੋਗਿਤਾ ਸ਼ੁਰੂ ਕਰਨ ਦੀ ਆਗਿਆ ਲਈ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਪੰਡਤ ਜਸਰਾਜ ਜੀ ਦਾ ਜੁੜਿਆ ਇਕ ਵਾਕਿਆ ਸੁਣਾ ਕੇ, ਅੱਜ ਦੀ ਪ੍ਰਤਿਯੋਗਿਤਾ ਦੇ ਨਿਯਮ ਦੱਸੇ। ਅੱਜ ਪ੍ਰਤੀਯੋਗਿਆ ਨੇ 12-15 ਮਿੰਟ ਦੇ ਵਿੱਚ ਆਪਣੀ ਪੇਸ਼ਕਾਰੀ ਦੇਣੀ ਸੀ ਅਤੇ ਹਰ ਪ੍ਰਤੀਯੋਗੀ ਨੂੰ ਤਾਨਪੁਰੇ ਦੇ ਨਾਲ ਗਾਣਾ ਜ਼ਰੂਰੀ ਕੀਤਾ ਗਿਆ ਸੀ। ਰਾਜੇਸ਼ ਜੀ ਨੇ ਸਭ ਤੋਂ ਪਹਿਲਾਂ ਪੂਨੇ ਮਹਾਰਾਸ਼ਟਰ ਦੇ ਅਭੇ ਸਿੰਘ ਨੂੰ ਮੰਚ 'ਤੇ ਸੱਦਾ ਦਿੱਤਾ। ਅਭੇ ਸਿੰਘ ਨੇ ਰਾਗ ਮੁਲਤਾਨੀ ਵਿੱਚ ਆਪਣੀ ਪੇਸ਼ਕਾਰੀ ਪੇਸ਼ ਕੀਤੀ ਇਸ ਅਭੇ ਸਿੰਘ ਨੂੰ ਪੰਡਤ ਜੀ ਨੇ ਰਾਗ ਤੋੜੀ ਸੁਨਾਉਣ ਨੂੰ ਵੀ ਆਖਿਅ।। ਅੱਜ ਜਦੋਂ ਪ੍ਰਤਿਯੋਗਿਤਾ ਆਰੰਭ ਹੋਈ ਸੀ ਤਾਂ ਪੰਡਤ ਜੀ ਨੇ ਪਹਿਲਾਂ ਹੀ ਦੱਸਿਆ ਕਿ ਪ੍ਰਤਿਯੋਗਤਾ ਦੇ ਵਿੱਚ ਵੀ ਰੋਕਿਆ ਜਾ ਸਕਦਾ ਹੈ, ਕੋਈ ਵੀ ਸਵਾਲ ਕੀਤਾ ਜਾ ਸਕਦਾ ਹੈ ਜਾਂ ਕੁਝ ਵੀ ਪੁੱਛਿਆ ਜਾ ਸਕਦਾ ਹੈ। ਪੰਡਤ ਜੀ ਦੀ ਵਿਦਵਤਾ ਅਤੇ ਪਰਖ ਦੀ ਕਸਵੱਟੀ ਕੱਲ੍ਹ ਜਲ ਨਾਲੋਂ ਵੀ ਜਿਆਦਾ ਸਖ਼ਤ ਸੀ। ਅਭੇ ਸਿੰਘ ਨੇ ਤੋੜੀ ਵਿੱਚ ਵੀ ਪੰਡਤ ਜੀ ਦੀ ਫੁਰਮਾਇਸ਼ ਪੂਰੀ ਕੀਤੀ।

ਇਸ ਤੋਂ ਅਗਲੀ ਪੇਸ਼ਕਾਰੀ ਕਰਨਾਟਕਾਂ ਦੇ ਦਰਸਨ ਮੇਲਾਵੰਕੀ ਦੀ ਰਹੀ ਇਸਨੇ ਰਾਗ ਪੁਰਵੀ ਵਿੱਚ ਵਿਲੰਬਿਤ ਤਾਲ ਵਿੱਚ ਬੰਦਿਸ਼ ਸੁਨਾਈ ਤਾਂ ਪੰਡਤ ਜੀ ਨੇ ਇਸਨੂੰ ਦਰੁਤ ਤਾਲ ਵਿੱਚ ਗਾਉਣ ਲਈ ਆਖਿਆ ਪੰਡਤ ਜੀ ਨੇ ਇਸਨੂੰ 'ਪੁਰੀਆ' ਰਾਗ ਦੇ ਨਾਲ ਹੋਰ ਰਾਗਾਂ ਬਾਰੇ ਪੁੱਛਿਆ ਕਿ ਹੋਰ ਰਾਗ ਸਿਖੇ ਜਾਂ ਨਹੀਂ ਅਤੇ ਹੋਰ ਵਿਸ਼ੇਸ਼ ਜਾਣਕਾਰੀ ਦਿੱਤੀ। ਪੰਡਤ ਜੀ ਨੇ ਦਰਸ਼ਨ ਨੂੰ ਅਖਿਆ ਕੇ ਸੰਗੀਤ ਦੇ ਨਾਲ-ਨਾਲ ਸੰਸਕਾਰ ਵੀ ਸਿੱਖੋ। ਵਿਸ਼ੇਸ਼ ਕਰ ਜਦੋਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਜਨਾ ਹੋਵੇ ਤਾਂ ਉਨ੍ਹਾਂ ਦੀ ਆਗਿਆ ਲੈਣੀ ਵੀ ਜ਼ਰੂਰੀ ਹੈ। ਅੱਗੋਂ ਦਰਸ਼ਨ ਨੇ ਵੀ ਇਸ ਗੱਲ ਨੂੰ ਸਵੀਕਾਰ ਕੀਤਾ।

ਅਗਲੀ ਪੇਸ਼ਕਾਰੀ ਪੱਛਮੀ ਬੰਗਾਲ ਦੇ ਸਾਤਨਿਕ ਚੈਟਰਜੀ ਦੀ ਰਹੀ। ਇਸਨੇ ਰਾਗ ਮੁਲਤਾਨੀ ਵਿੱਚ ਆਪਣੀ ਗਾਇਕੀ ਦੇ ਜੌਹਰ ਵਿਖਾਏ। ਪੰਡਤ ਜੀ ਦੀ ਪ੍ਰਤੀਕਿਰਿਆ ਰਹੀ ਕਿ ਬਹੁਤ ਅੱਛਾ ਗਾਇਆ। ਪੰਡਤ ਜੀ ਨੇ ਦੱਸਿਆ ਕਿ ਤਾਲ ਵਿੱਚ ਬਹੁਤ ਐਰਟ ਲੱਗ ਰਿਹਾ ਹੈ। ਉਸ ਨੂੰ ਨੋਰਮਲ ਰੱਖੋ ਆਗਰਾ ਘਰਾਣੇ ਵਿੱਚ ਗਾਉਣ ਵਾਲੇ ਬਹੁਤ ਘੱਟ ਗਏ ਹਨ, ਇਸ ਲਈ ਤੇਰੇ ਉਤੇ ਬਹੁਤ ਜਿੰਮੇਵਾਰੀ ਹੈ। ਹੋਰ ਬਹੁਤ

ਸਾਰੀਆਂ ਹਿਦਇਤਾਂ ਦੇ ਕੇ ਆਸ਼ੀਰਵਾਦ ਦਿੱਤਾ।

ਇਸ ਤੋਂ ਅਗਲੀ ਪੇਸ਼ਕਾਰੀ ਧਾਰਵਾੜ ਤੋਂ ਜੀ ਸੁਰਭੀ ਸੁਕੇਸ਼ ਦੀ ਰਹੀ, ਇਸਦੀ ਪੇਸ਼ਕਾਰੀ ਤੋਂ ਪਹਿਲਾਂ ਪੰਡਤ ਰਾਜੇਸ਼ ਮਾਲਵੀਆ ਜਾਣਕਾਰੀ ਦਿੱਤੀ ਕਿ ਜਿਹੜੇ ਤਾਨਪੁਰੇ ਪ੍ਰਤਿਯੋਗੀ ਇਸਤੇਮਾਲ ਕਰ ਰਹੇ ਹਨ, ਇਹ ਉਸਤਾਦ ਵਿਲਾਇਤ ਖਾਂ ਸਾਹਿਬ ਦੇ ਹਨ। ਉਨ੍ਹਾਂ ਨੇ ਸਤਿਗੁਰੂ ਜੀ ਨੂੰ ਭੇਟ ਕੀਤੇ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਤੋਂ ਬਾਅਦ ਪ੍ਰਤਿਯੋਗੀ ਇਨ੍ਹਾਂ ਨੂੰ ਸੰਭਾਲ ਕੁ ਰੱਖਣ ਇਹ ਸਾਡੇ ਵਾਸਤੇ ਬਹੁਤ ਕੀਮਤੀ ਹਨ। ਸੁਰਭੀ ਸੁਕੇਸ ਨੇ ਰਾਗ ਜੈਜੈਵੰਤੀ ਵਿੱਚ ਆਪਣੀ ਗਾਇਕੀ ਦੇ ਅੰਗ ਪੇਸ਼ ਕੀਤੇ।

ਅਗਲੀ ਪੇਸ਼ਕਾਰੀ ਕੋਲਕਾਤਾ ਦੇ ਇਸ਼ਾਂਤ ਘੋਸ਼ਦੀ ਰਹੀ। ਇਸਨੇ ਰਾਗ ਮਾਲਕੌਂਸ ਵਿੱਚ ਗਾਇਨ ਕੀਤਾ। ਪੰਡਤ ਜੀ ਨੇ ਇਸ਼ਾਂਤ ਨੂੰ ਭੈਰਵੀ ਰਾਗ ਦੇ ਅੰਤਰੇ ਬਾਰੇ ਪੁੱਛਿਆ ਅਤੇ ਹੋਰ ਜਾਣਕਾਰੀ ਦਿੱਤੀ। ਇਸ ਸਭ ਨੂੰ ਵੇਖ ਕੇ ਇੰਜ ਲਗਦਾ ਹੀ ਨਹੀਂ ਸੀ ਕਿ ਇਹ ਕੋਈ ਪ੍ਰਤਿਯੋਗਿਤਾ ਚੱਲ ਰਹੀ ਹੋਵੇ। ਹਰ ਬੱਚੇ ਨੂੰ ਪੰਡਤ ਜੀ ਬੜੇ ਪਿਆਰ ਨਾਲ ਖਾਮੀਆਂ ਅਤੇ ਗੁਣ ਦੱਸਦੇ।

ਅਗਲੀ ਪੇਸ਼ਕਾਰੀ ਬੰਗਾਲ ਦੇ ਸੁਭਜੀਤ ਪਾਤਰਾ ਦੀ ਰਹੀ। ਇਸਨੇ ਘਾਬ ਸ੍ਰੀ ਵਿੱਚ ਆਪਣੀ ਪੇਸ਼ਕਾਰੀ ਦਿੱਤੀ। ਪੰਡਤ ਜੀ ਨੇ ਪਾਤਰਾ ਨੂੰ ਪੁੱਛਿਆ ਕਿ ਆਪਕੋ ਆਪਨਾ ਗਾਨਾ ਕੈਸਾ ਲਗਾ, ਪਾਤਰਾ ਨੇ ਜਵਾਬ ਦਿੱਤਾ ਕਿ ਅਜੇ ਹੋਰ ਪ੍ਰੇਕਟਿਸ ਦੀ ਲੋੜ ਹੈ। ਪੰਡਤ ਜੀ ਨੇ ਪਾਤਗ ਨੂੰ ਦੱਸਿਆ ਕਿ ਵਿਲੰਬਿਤ ਵਿੱਚ ਠਹਿਰਾਵ ਦੀ ਕਮੀ ਹੈ। ਪੰਡਤ ਜੀ ਨੇ ਭਵਿੱਖ ਲਈ ਆਸ਼ੀਰਵਾਦ ਦਿੱਤਾ।

ਇਸ ਤੋਂ ਅਗਲੀ ਪੇਸ਼ਕਾਰੀ ਛਤੀਸਗੜ੍ਹ ਕ੍ਰਿਸ਼ਨ ਪਕਾਸ ਦੀ ਰਹੀ। ਇਸਨੇ ਵੀ ਰਾਗ ਮੁਲਤਾਨੀ ਵਿੱਚ ਹੀ ਆਪਣੀ ਪੇਸ਼ਕਾਰੀ ਕਰਨ ਦੀ ਆਗਿਆ ਲਈ ਪੰਡਤ ਜੀ ਨੇ ਹੋਰ ਰਾਗ ਵੀ ਗਾਉਣ ਬਾਰੇ ਪੁੱਛਿਆ ਤਾਂ ਇਸਨੇ ਵ੍ਰਿੰਦਾਵਨੀ ਸਾਰੰਗ ਵਿੱਚ ਗਾ ਸਕਣ ਦੀ ਸਮਰਥਾ ਦੱਸੀ। ਪੰਡਤ ਜੀ ਨੇ ਪਹਿਲਾਂ ਮੁਲਤਾਨੀ ਵਿੱਚ ਹੀ ਸ਼ੁਰੂ ਕਰਨ ਲਈ ਆਖਿਆ, ਉਪਰੰਤ ਵ੍ਰਿੰਦਾਵਨੀ ਸਾਰੰਗ ਗਾਉਣ ਲਈ ਆਖਿਆ, ਨਾਲ ਹਿਦਾਇਤ ਦਿੱਤੀ ਕਿ ਬੰਦਿਸ਼ ਦੇ ਸ਼ਬਦਾਂ ਨੂੰ ਧਿਆਨ ਵਿੱਚ ਰੱਖ ਕੇ ਸ਼ਬਦਾਂ ਦਾ ਠੀਕ ਉਚਾਰਨ ਕਰਕੇ ਗਾਓ ਤਾਂ ਇਸਨੇ ਛੋਟੇ ਖਿਆਲ ਵਿੱਚ ਪੇਸ਼ਕਾਰੀ ਕੀਤੀ।

ਅਗਲੀ ਪੇਸ਼ਕਾਰੀ ਕੋਹਲਾਪੁਰ ਦੇ ਜੀਵਨ ਪਾਟਿਲ ਦੀ ਰਹੀ। ਇਸਨੇ ਰਾਗ ਮਾਲਕੌਂਸ ਵਿੱਚ ਆਪਣੀ ਪੇਸ਼ਕਾਰੀ ਪੇਸ਼ ਕੀਤੀ।

ਇਸ ਤੋਂ ਬਾਅਦ ਅਗਲੀ ਪੇਸ਼ਕਾਰੀ ਰਹੀ ਸਾਵਨੀ ਗੋਗਟੇ ਇਹ ਔਰੰਗਾਬਾਦ (ਮਹਾਂਰਾਸਟਰ) ਤੋਂ ਸਨ ਇਸਨੇ ਰਾਗ ਕੇਦਾਰ ਵਿੱਚ ਆਪਣੀ ਪੇਸ਼ਕਾਰੀ ਕੀਤੀ। ਇਸਦੀ ਪੇਸ਼ਕਾਰੀ ਬਾਅਦ ਪੰਡਤ ਜੀ ਨੇ ਸਵੇਰ ਦਾ ਕੋਈ ਰਾਗ ਸੁਨਾਉਣ ਲਈ ਆਖਿਆ ਤਾਂ ਇਸਨੇ ਕੁਝ ਰਾਗਾਂ ਬਾਰੇ ਪੁਛਿਆ ਤਾਂ ਪੰਡਤ ਜੀ ਨੇ ਜੌਨਪੁਰੀ ਸੁਨਾਉਣ ਨੂੰ ਆਖਿਆ। ਉਪਰੰਤ ਪੰਡਤ ਜੀ ਨੇ ਸ਼ੁਧ ਸਾਰੰਗ ਦਾ ਉਚਾਰਨ ਕਰਨ ਨੂੰ ਅਤੇ ਤਿੰਨ ਤਾਲ ਦੀ ਕੋਈ ਬੰਦਿਸ਼ ਸੁਨਾਉਣ ਲਈ ਆਖਿਆ, ਉਪਰੰਤ ਸ਼ਾਮ ਕਲਿਆਨ ਰਾਗ ਬਾਰੇ ਪੁੱਛਿਆ ਹੋਰ ਕੁਝ ਗੁਣਕਾਰੀ ਗੱਲਾਂ ਦੱਸ ਕੇ ਅਸ਼ੀਰਵਾਦ ਦਿੱਤਾ।

ਇਸ ਪੇਸ਼ਕਾਰੀ ਤੋਂ ਬਾਅਦ ਦੁਪਿਹਰ ਦੇ ਭੋਜਨ ਲਈ ਬ੍ਰੇਕ ਦਿੱਤਾ ਗਿਆ ਅਤੇ ਇਸ ਪ੍ਰਤੀਯੋਗਿਤਾ ਦਾ ਅਖੀਰਲਾ ਚਰਨ 3:15 ਮਿੰਟ 'ਤੇ ਸ਼ੁਰੂ ਹੋਇਆ।

ਅਗਲੀ ਪੇਸ਼ਕਾਰੀ ਮੁੰਬਈ ਮਹਾਂਰਾਸ਼ਟਰ ਤੋਂ ਸਾਹਿਲ ਰਾਜੇਸ਼ ਭੋਗਲੇ ਦੀ ਰਹੀ। ਇਸਨੇ ਰਾਗ ਨਾਇਕੀ ਕਾਨੜਾ ਵਿੱਚ ਆਪਣੀ ਪੇਸ਼ਕਾਰੀ ਕੀਤੀ। ਪੰਡਤ ਜੀ ਨੇ ਹਿਦਇਤ ਦਿੱਤੀ ਕਿ ਤੈਨੂੰ ਨਾਇਕੀ ਕਾਨੜਾ ਦੇ ਨਾਲ ਰਾਗ ਦਰਬਾਰੀ ਵੀ ਸਿੱਖਣਾ ਚਾਹੀਦਾ ਹੈ। ਇਸ ਤੋਂ ਬਾਅਦ ਪੰਡਤ ਜੀ ਨੇ ਹੋਰ ਰਾਗ ਵੀ ਸੁਣੇ।

ਅਗਲੀ ਪੇਸ਼ਕਾਰੀ ਕਟਕ ਓੜੀਸਾ ਤੋਂ ਜਯੋਤੀ ਪ੍ਰਕਾਸ਼ ਓਝਾ ਦੀ ਰਹੀ। ਇਸ ਨੇ ਰਾਗ ਮਧੁਵੰਤੀ ਵਿੱਚ ਆਪਣੀ ਪੇਸ਼ਕਾਰੀ ਕੀਤੀ। ਇਸਦੀ ਪੇਸ਼ਕਾਰੀ ਸੁਣ ਕੇ ਪੰਡਤ ਜੀ ਨੇ ਉੜੀਸਾ ਤੋਂ ਕਿਸੇ ਸੰਗੀਤਕਾਰ ਦੇ ਰੂਪ ਵਿੱਚ ਸਥਾਪਤ ਹੋਣ ਲਈ ਪ੍ਰੇਰਿਆ।

ਅਗਲੀ ਪੇਸ਼ਕਾਰੀ ਅੰਮ੍ਰਿਤਸਰ (ਪੰਜਾਬ) ਦੇ ਤਨਿਸ਼ਕ ਅਰੋੜਾ ਦੀ ਰਹੀ। ਤਨਿਸ਼ਕ ਨੇ ਰਾਗ ਬਿਹਾਗ ਵਿੱਚ ਅਪਣੀ ਪੇਸ਼ਕਾਰੀ ਕੀਤੀ। ਪੰਡਤ ਜੀ ਨੇ ਬੰਦਿਸ਼ ਵੀ ਸੁਣੀ ਅਤੇ ਰਾਗ ਅਲੱਹੀਆ ਬਿਲਾਵਲ ਸੁਨਾਉਣ ਲਈ ਵੀ ਆਖਿਆ।

ਇਸ ਤੋਂ ਅਗਲੀ ਪ੍ਰਤਿਯੋਗੀ ਥਾਣਾ (ਮਹਾਂਰਾਸਟਰ) ਤੋਂ ਸੀ। ਸਈ ਸਮੀਰ ਕਾਰਧਨੇ ਇਸਨੇ ਰਾਗ ਕੇਦਾਰ ਵਿੱਚ ਆਪਣੀ ਗਾਇਕੀ ਪੇਸ਼ ਕੀਤੀ। ਪੰਡਤ

ਜੀ ਨੇ ਇਸ ਤੋਂ ਸ਼ਿਆਮ ਕਲਿਆਣ ਦਾ ਉਚਾਰ ਸੁਣਿਆ। ਪੰਡਤ ਜੀ ਨੇ ਸਣੀ ਨੂੰ ਆਖਿਆ ਕਿ ਆਪਣੇ ਗਾਣੇ ਦੀ ਰਿਆਜ ਦੀ ਰਿਕਾਰਡਿੰਗ ਕਰ ਕੇ ਸੁਣੋ ਅਤੇ ਠੁਮਰੀ ਗਾਇਕੀ ਸਿੱਖਣ ਲਈ ਵੀ ਆਖਿਆ।

ਅੱਜ ਦੀ ਆਖਰੀ ਪੇਸ਼ਕਾਰੀ ਔਰੰਗਾਬਦ ਦੀ ਪ੍ਰਾਚੀ ਖੋਟ ਦੀ ਰਹੀ ਇਸਨੇ ਰਾਗ ਜੋਗ ਵਿੱਚ ਆਪਣੀ ਪੇਸ਼ਕਾਰੀ ਪੇਸ਼ ਕੀਤੀ। ਇਸਨੇ ਮਿਸ਼ਰ ਪੀਲੂ ਵਿੱਚ ਠੁਮਰੀ ਵੀ ਸੁਣਾਈ।

ਪੰਡਿਤ ਜੀ ਨੇ ਆਖਿਆ ਕਿ ਇਹ ਜੋ ਪ੍ਰਤਿਯੋਗਤਾ ਹੋਈ। ਇਸ ਲਈ ਅਸੀਂ ਕੱਲ੍ਹ 14 ਅਤੇ ਅੱਜ 12 ਕੁਲ 26 ਕਲਾਕਾਰਾਂ ਨੂੰ ਸੁਣਿਆ। ਸਭ ਬਹੁਤ ਵਧੀਆ ਸਨ। ਹੁਣ ਇੰਤਜਾਰ ਸੀ ਰਿਜਲਟ ਦਾ। ਜਿਸਨੂੰ ਪੰਡਤ ਜੀ ਨੋਟ ਕੀਤਾ ਸੀ ਅੰਕਾਂ ਅਤੇ ਟਿਪਣੀਆਂ ਦੇ ਆਧਾਰ ਤੇ। ਅੰਤਿਮ ਰੂਪ ਦੇਣ ਲਈ ਗ੍ਰੀਨ ਰੂਪ ਵਿੱਚ ਚਲੇ ਗਏ। ਮੰਚ ਤੋਂ ਰਾਜੇਸ਼ ਮਾਲਵੀਆ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਵਰਤਮਾਨ ਸਤਿਗੁਰੂ ਸਾਹਿਬਾਨਾਂ ਬਾਰੇ ਬਾਹਰੋਂ ਆਈ ਸੰਗਤ ਨੂੰ ਜਾਣਕਾਰੀ ਦਿੱਤੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜਿਆ ਵਾਕਿਆ ਸੁਣਾਇਆ ਜਦੋਂ ਪਵਾਰ ਬੰਧੂ ਸ੍ਰੀ ਭੈਣੀ ਸਾਹਿਬ ਆਏ ਸਨ। ਉਪਰੰਤ ਪਦਮ ਭੂਸ਼ਨ ਪੰਡਤ ਅਜੈ ਚਕਰਵਰਤੀ ਜੀ ਨੇ ਮੰਚ ਤੋਂ ਬੋਲਦਿਆਂ ਆਖਿਆ ਕਿ ਭਾਵੇਂ ਅੱਜ ਪ੍ਰਤਿਯੋਗਿਤਾ ਹੋਈ ਹੈ ਪਰ ਇਸਨੂੰ ਪ੍ਰਤਿਯੋਗਿਤਾ ਨਾ ਸਮਝਿਆ ਜਾਵੇ ਸਭ ਨੂੰ ਸੰਗੀਤ ਦਾ ਆਨੰਦ ਮਾਨਣਾ ਚਾਹੀਦਾ ਹੈ।

ਪੰਡਤ ਜੀ ਨੇ ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਮੰਚ 'ਤੇ ਆਉਣ ਦਾ ਆਗ੍ਰਹਿ ਕੀਤਾ ਤਾਂ ਕਿ ਇਨਾਮ ਵੰਡ ਕੀਤੀ ਜਾ ਸਕੇ। ਆਪਨੇ ਪ੍ਰਤਿਯੋਗੀ ਕਲਾਕਾਰਾਂ ਨੂੰ ਉੱਨ ਦੀ ਮਾਲਾ ਅਤੇ ਮੋਮੈਂਟੋ ਬਖਸ਼ਿਸ਼ ਕੀਤਾ ਗਿਆ।

ਉਪਰੰਤ ਪੰਡਤ ਜੀ ਨੇ ਪਹਿਲੀ ਸਤਿਗੁਰੂ ਜਗਜੀਤ ਸਿੰਘ ਸਾਸਤ੍ਰੀ ਸੰਗੀਤ ਪ੍ਰਤੀਯੋਗਿਤਾ ਦੇ ਸੀਨੀਅਰ ਵਰਗ ਵਿੱਚ ਜੇਤੂਆਂ ਦੇ ਨਾਮ ਘੋਸ਼ਿਤ ਕੀਤੇ ਅਤੇ ਇਨਾਮ ਦਿੱਤੇ।

ਤੀਸਰਾ ਇਨਾਮ ਪ੍ਰਾਚੀ ਖੋਟ ਨੂੰ ਪ੍ਰਾਪਤ ਹੋਇਆ ਅਤੇ ਨਾਲ 40,000/- ਦਾ ਚੈੱਕ ਵੀ ਦਿੱਤਾ।

ਦੂਸਰਾ ਇਨਾਮ ਦਰਸਨ ਮੇਲਾਵੰਦੀ ਨੂੰ ਪ੍ਰਾਪਤ ਹੋਇਆ ਅਤੇ ਇਸਨੂੰ 75000/- ਦਾ ਚੈੱਕ ਦਿੱਤਾ ਗਿਆ। ਪਹਿਲਾ ਇਨਾਮ ਸਾਤਨਿਕ ਚੈਟਰਜੀ ਨੂੰ ਪ੍ਰਾਪਤ ਹੋਇਆ ਅਤੇ 1,00,000/- ਦਾ ਚੈੱਕ ਵੀ ਦਿੱਤਾ ਗਿਆ।

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਇਸ ਪ੍ਰਤੀਯੋਗਿਤਾ ਦੇ ਜੱਜ ਪੰਡਤ ਅਜੈ ਚਕਰਵਰਤੀ ਜੀ ਨੂੰ ਮੋਮੈਂਟੋ ਅਤੇ ਸਿਰੋਪਾਓ ਦੇਣ ਦੀ ਬਖਸ਼ਿਸ਼ ਕੀਤੀ। ਉਪਰੰਤ ਸਤਿਗੁਰੂ ਜੀ ਨੇ ਪਹਿਲੀ ਸਤਿਗੁਰੂ ਜਗਜੀਤ ਸਿੰਘ ਜੀ ਸ਼ਾਸ਼ਤਰੀ ਸੰਗੀਤ ਪ੍ਰਤਿਯੋਗਤਾ ਦੀ ਸਫ਼ਲਤਾ ਪੂਰਵਕ ਸੰਪੰਨਤਾ ਦੀ ਸਭ ਨੂੰ ਵਧਾਈ ਦਿੱਤੀ। ਪ੍ਰਤੀਯੋਗੀਆਂ ਅਤੇ ਉਨ੍ਹਾਂ ਦੇ ਨਾਲ ਆਇਆ ਨੂੰ ਆਖਿਆ ਕਿ ਉਮੀਦ ਕਰਦੇ ਹਾਂ, ਤੁਹਾਨੂੰ ਸਾਰਿਆਂ ਨੂੰ ਆਨੰਦ ਆਇਆ ਹੋਵੇਗਾ। ਤੁਹਾਨੂੰ ਭੈਣੀ ਸਾਹਿਬ ਆ ਕੇ ਵਧੀਆ ਲੱਗਾ ਹੋਵੇਗਾ। ਸਾਨੂੰ ਵੀ ਤੁਹਾਡੇ ਆਉਣ ਕਰਕੇ, ਸੰਗੀਤ ਦੀ ਸੇਵਾ ਕਰਕੇ, ਬਹੁਤ ਵਧੀਆ ਲੱਗ ਰਿਹਾ ਹੈ। ਸਤਿਗੁਰੂ ਜੀ ਇਹ ਪ੍ਰਵਚਨ ਦੇ ਰਹੇ ਸਨ, ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਯਾਦ ਕੀਤਾ ਕਿ ਸਤਿਗੁਰੂ ਜੀ ਦੀ ਰਜ਼ਾ ਸੀ ਹਰ ਕਿਸੇ 'ਚੋਂ ਰਾਗ ਦੀ ਖੁਸ਼ਬੂ ਆਏ। ਅੱਜ ਜੇ ਸੰਗੀਤ ਦੀ ਥੋੜ੍ਹੀ ਬਹੁਤ ਸੇਵਾ ਹੋਈ ਹੈ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਮਿਲੀਆ ਨੇ। ਦੁਨੀਆਂ ਵਿੱਚ ਹਰ ਥਾਂ ਤੇ ਅਲਗਾਵਵਾਦ ਹੈ ਮੀਡੀਆ ਵਿੱਚ, ਰਾਜਨੀਤੀ ਵਿੱਚ ਇਕ ਸੰਗੀਤ ਹੈ ਜਿਹੜਾ ਸਾਨੂੰ ਜੋੜਦਾ ਹੈ। ਜਿਨ੍ਹਾਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸੰਗੀਤ ਸਿੱਖਣ ਲਈ ਲਾਉਂਦੇ ਨੇ, ਉਨ੍ਹਾਂ ਦਾ ਵੀ ਧੰਨਵਾਦ ਹੈ। ਬਾਕੀ ਜਿਨ੍ਹਾਂ ਨੇ ਵੀ ਸੇਵਾ ਕੀਤੀ ਬਲਵੰਤ ਸਿੰਘ, ਕਰਨਪਾਲ ਸਿੰਘ, ਰਾਜੇਸ਼ ਮਾਲਵੀਆ, ਹਰਪ੍ਰੀਤ ਸਿੰਘ, ਬੰਤਾ ਸਿੰਘ ਆਦਿ ਨੇ ਉਨ੍ਹਾਂ ਦਾ ਵੀ ਧੰਨਵਾਦ। ਅਖੀਰ ਵਿੱਚ ਸਤਿਗੁਰੂ ਜੀ ਨੇ ਪੰਡਤ ਜੀ ਦਾ ਸਵਾਗਤ ਵੀ ਕੀਤਾ, ਧੰਨਵਾਦ ਵੀ ਕੀਤਾ, ਰਹਿ ਗਈ ਕਮੀਆਂ ਨੂੰ ਨਜ਼ਰ ਅੰਦਾਜ ਕਰਨ ਲਈ ਆਖਿਆ। ਦਿੱਲੀ ਅਤੇ ਸ੍ਰੀ ਭੈਣੀ ਸਾਹਿਬ ਤਬਲਾ ਅਤੇ ਹਰਮੋਨੀਅਮ 'ਤੇ ਸੰਗਤ ਹਰਨਾਮ ਸਿੰਘ, ਸਤਨਾਮ ਸਿੰਘ, ਬਸੰਤ ਸਿੰਘ, ਸਾਜਨ ਸਿੰਘ, ਅਜੇਪਾਲ ਸਿੰਘ ਅਤੇ ਹਰਵਿੰਦਰ ਸਿੰਘ ਨੇ ਕੀਤੀ।

ਇਨਾਮ ਵੰਡ ਦੇ ਮੌਕੇ 'ਤੇ ਉਸਤਾਦ ਹਰਭਜਨ ਸਿੰਘ, ਰਾਗੀ ਹਰਬੰਸ ਸਿੰਘ ਅਤੇ ਹੋਰ ਸਮੂਹ ਰਾਗੀ ਵੀ ਹਾਜ਼ਰ ਰਹੇ। ਇਸ ਤਰ੍ਹਾਂ ਪਹਿਲੀ ਸਤਿਗੁਰੂ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤਿਯੋਗਿਤਾ ਸੀਨੀਅਰ ਅਤੇ ਜੂਨੀਅਰ ਵਰਗ ਦੀ ਸਫ਼ਲਤਾ ਪੂਰਵਕ ਸੰਪੰਨ ਹੋਈ।

**ਹਰਪਾਲ ਸਿੰਘ ਸੋਧੀ**

# ਸ੍ਰੀ ਸਤਿਗੁਰੂ ਜੀ ਦੇ ਜੈਪੁਰ (ਰਾਜਸਥਾਨ) ਵਿਖੇ ਦਰਸ਼ਨ

ਦੇਸ਼-ਵਿਦੇਸ਼ ਵਿੱਚ ਜਿਥੇ-ਜਿਥੇ ਵੀ ਨਾਮਧਾਰੀ ਸਾਧ ਸੰਗਤ ਵੱਸਦੀ ਹੈ। ਉਥੇ-ਉਥੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਸੌਂਪੀ ਗਈ ਵੱਡੀ ਜਿੰਮੇਵਾਰੀ ਨੂੰ ਨਿਭਾਉਂਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਧ ਸੰਗਤ ਨੂੰ ਜਾ-ਜਾ ਕੇ ਨਿਵਾਜ਼ਦੇ ਹਨ। ਸਾਧ-ਸੰਗਤ ਦੀਆਂ ਅਰਜ਼ਾਂ ਬੇਨਤੀਆਂ ਸੁਣਦੇ ਹਨ ਅਤੇ ਸੰਗਤ ਨੂੰ ਆਈ ਕਿਸੇ ਵੀ ਮੁਸ਼ਕਲ ਜਾਂ ਤਕਲੀਫ਼ ਦਾ ਹੱਲ ਕਰਦੇ ਹਨ। ਰਾਜਸਥਾਨ, ਜੈਪੁਰ ਦੀ ਸੰਗਤ ਦੀ ਅਰਜ਼ ਬੇਨਤੀ ਪਰਵਾਨ ਕਰਦੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਰਸ਼ਨ ਦੇਣ ਦਾ ਪ੍ਰੋਗਰਾਮ ਉਲੀਕਿਆ। ਦਿੱਤੇ ਹੋਏ ਸਮੇਂ ਮੁਤਾਬਕ ਮਿਤੀ **9 ਨਵੰਬਰ 2022** ਦਿਨ ਬੁੱਧਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਬੰਗਲੌਰ ਤੋਂ ਹਵਾਈ ਸਫ਼ਰ ਰਾਹੀ ਜੈਪੁਰ ਹਵਾਈ ਅੱਡੇ ਤੇ ਆਣ ਉਤਰੇ। ਇਸ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੇ ਸੇਵਕ ਸਮੇਤ ਸਕਿਓਰਟੀ ਸਟਾਫ਼ ਅਤੇ ਗੱਡੀਆਂ **8 ਨਵੰਬਰ** ਨੂੰ ਜੈਪੁਰ ਪਹੁੰਚ ਚੁੱਕੇ ਸਨ।

ਸ੍ਰੀ ਸਤਿਗੁਰੂ ਜੀ ਸਵੇਰੇ 11:15 ਤੇ ਹਵਾਈ ਅੱਡੇ ਤੇ ਪਹੁੰਚਣ ਉਪਰੰਤ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਵਿੱਚ ਹਵਾਈ ਅੱਡੇ ਤੇ ਫੁੱਲ-ਮਾਲਾ ਅਤੇ ਗੁਲਦਸਤੇ ਲੈ ਪਹੁੰਚੀ ਹੋਈ ਸੀ। ਇਥੋਂ ਹੀ ਸਫ਼ਰ ਅਰੰਭ ਕਰਦੇ ਹੋਏ ਸਭ ਤੋਂ ਪਹਿਲਾਂ ਸ. ਪਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਸ. ਮਨਜੀਤ ਸਿੰਘ ਘਰ ਮਾਨ ਸਰੋਵਰ ਏਰੀਏ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਸ. ਧਰਮਵੀਰ ਸਿੰਘ, ਗੁਰਮੁਖ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਗ੍ਰਹਿ ਵਿਖੇ ਜੋਅਲਫ ਆਫ ਇੰਡੀਆ ਫਲੈਟ ਨੰ 301 ਪਹੁੰਚੇ ਤੇ ਪ੍ਰਸ਼ਾਦ ਪਾਣੀ ਛਕਿਆ। ਇਥੇ ਹੀ ਸ੍ਰੀ ਸਤਿਗੁਰੂ ਜੀ ਦੇ ਡੇਰਾ ਸੀ। ਪਹੁੰਚਣ ਤੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਵਿਜੇਪਾਲ ਸਿੰਘ ਪੁੱਤਰ ਸ. ਸਤਪਾਲ ਸਿੰਘ ਦਿੱਲੀ ਵਾਲੇ ਦੇ ਰੈਸਟੋਰੈਂਟ "ਖੜੇ ਮਸਾਲੇ" ਤੇ ਚਰਨ ਪਾਏ ਅਤੇ ਸ੍ਰੀ ਦਿਵੇਸ ਬਿਗਾਨੀ ਵੱਲੋਂ ਸ਼ੁਰੂ ਕੀਤੀ ਗਈ ਰਾਜਾਪਾਕ ਹੋਮ ਇਲੈਕਟਰਿਕ ਸਕੂਟਰ ਏਜੰਸੀ ਵਿੱਚ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਸ ਉਪਰੰਤ ਸਿਵਲ ਲਾਇਨ ਏਰੀਏ ਵਿਖੇ ਸ. ਗੁਰਮੁਖ ਸਿੰਘ ਪੁੱਤਰ ਸ. ਜਸਵੰਤ ਸਿੰਘ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਪਧਾਰੇ। ਸਾਰੇ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਸਵੇਰੇ ਸੂਰਜ ਚੜਨ ਤੋਂ ਪਹਿਲਾਂ ਉੱਠ ਕੇ ਸਣੇਕੇਸੀ ਇਸਨਾਨ ਕਰਨ ਲਈ ਪ੍ਰੇਰਿਆ। ਨਾਮ ਸਿਮਰਨ ਹੋਇਆ ਅਤੇ ਗੁਰਲਾਲ ਸਿੰਘ ਭੈਣੀ ਸਾਹਿਬ ਵੱਲੋਂ ਕਥਾ ਕੀਤੀ ਗਈ। ਬੱਚੀ ਹਰਬੰਸ ਕੌਰ, ਪੁਤਰੀ ਹਰਵਿੰਦਰ ਸਿੰਘ ਜੰਮੂ ਨੇ ਇਕ ਸ਼ਬਦ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪੜਿਆ 'ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ, ਕੂਕਾ ਹਰਨਾਮ ਸਿੰਘ ਪੁੱਤਰ ਹੀਰਾ ਸਿੰਘ ਲੁਧਿਆਣਾ ਨੇ ਇਕ ਗੀਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਪੜ੍ਹਿਆ 'ਆਓ ਸਾਰੇ ਰਲ-ਮਿਲ ਕੇ ਕਹੀਏ, ਧੰਨ ਗੁਰੂ ਜਗਜੀਤ।' ਉਪਰੰਤ ਰਾਗੀ ਸ਼ਾਮ ਸਿੰਘ ਸਰਮੁਖ ਸਿੰਘ ਅਤੇ ਇਕਬਾਲ ਸਿੰਘ ਨੇ ਸ਼ਬਦ ਪੜ੍ਹਿਆ- ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ।' ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਆਣ ਅਰਾਮ ਕੀਤਾ।

ਮਿਤੀ 10 ਨਵੰਬਰ 2022 ਦਿਨ ਵੀਰਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸਰਮੁਖ ਸਿੰਘ, ਸ਼ਾਮ ਸਿੰਘ ਤੇ ਤਬਲਾ ਵਾਦਕ ਇਕਬਾਲ ਸਿੰਘ ਨੇ ਕੀਤਾ। ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ ਅਤੇ ਸਾਧ ਸੰਗਤ ਨੂੰ ਹੁਕਮ ਕੀਤਾ ਕਿ "ਸਵੇਰੇ ਅੰਮ੍ਰਿਤ ਵੇਲੇ ਸਵੇਰੇ ਸੂਰਜ ਚੜ੍ਹਨ ਸਮੇਂ ਕੋਈ ਸੁੱਤਾ ਨਾ ਹੋਵੇ, ਸੂਰਜ ਚੜ੍ਹਨ ਤੋਂ ਪਹਿਲਾਂ ਉੱਠ ਕੇ ਸਣਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਕਰੋ ਅਤੇ ਗੁਰਬਾਣੀ ਦਾ ਪਾਠ ਜ਼ਰੂਰ ਕਰੋ ਕਿਉਂਕਿ ਗੁਰਬਾਣੀ ਸਾਨੂੰ ਜੀਵਨ ਜਾਂਚ ਸਿਖਾਉਂਦੀ ਹੈ ਅਤੇ ਚੰਗੇ ਇਸਨਾਨ ਬਣਾਉਂਦੀ ਹੈ। ਸ੍ਰੀ ਸਤਿਗੁਰੂ ਜੀ ਦੇ ਜੈਪੁਰ ਦੌਰੇ ਸਮੇਂ ਸੂਬਾ ਹਰਭਜਨ ਸਿੰਘ ਜੀ ਲੁਧਿਆਣਾ, ਨਿਰਮਲ ਸਿੰਘ ਭੱਟੀ, ਗੁਰਿੰਦਰ ਸਿੰਘ, ਜੀ.ਪੀ. ਸਿੰਘ, ਹੀਰਾ ਸਿੰਘ, ਹਰਨਾਮ ਸਿੰਘ ਵੀ ਨਾਲ ਸਨ। ਪ੍ਰੋਗਰਾਮ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਸ. ਧਰਮਵੀਰ ਸਿੰਘ, ਗੁਰਮੁਖ ਸਿੰਘ ਪੁੱਤਰ ਸ. ਜਸਵੰਤ ਸਿੰਘ ਦੇ ਗ੍ਰਹਿ ਵਿਖੇ ਪ੍ਰਸਾਦ ਪਾਣੀ ਛਕਿਆ ਅਤੇ ਪਰਿਵਾਰ ਨੂੰ ਖੁਸ਼ੀਆਂ ਬਖ਼ਸ਼ਦੇ ਹੋਏ ਮੱਧ-ਪ੍ਰਦੇਸ਼ ਦੇ ਦੌਰੇ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਚੜੀ ਸ. ਗਿਆਨ ਸਿੰਘ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦਾ ਪਿੰਡ ਹੈ ਚੜ੍ਹੀ ਜਿੱਥੇ ਕੁਝ ਨਾਮਧਾਰੀ ਪਰਿਵਾਰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਨਿਵਾਸ ਰੱਖਦੇ ਹਨ ਅਤੇ ਬਹੁਤ ਸੁਖੀ ਅਤੇ ਖ਼ੁਸ਼ਹਾਲ ਜੀਵਨ ਬਤੀਤ ਕਰਦੇ ਹਨ। ਚੜ੍ਹੀ ਨਿਵਾਸੀ ਸ. ਗੋਪਾਲ ਸਿੰਘ ਜਿਸ ਦੇ ਪਰਿਵਾਰ ਤੇ ਅਚਾਨਕ ਉਸ ਅਕਾਲ ਪੁਰਖ ਪ੍ਰਮਾਤਮਾ ਦੇ ਵਾਪਰੇ ਭਾਣੇ ਮੁਤਾਬਿਕ ਬਹੁਤ ਹੀ ਹੋਣਹਾਰ ਅਤੇ ਲਾਇਕ ਸਪੁੱਤਰ ਸਰਦਾਰ ਗਿਆਨ ਸਿੰਘ ਸਦੀਵੀਂ ਵਿਛੋੜਾ ਦੇ ਗਿਆ। ਸਮੁੱਚੇ ਪਰਿਵਾਰ ਲਈ ਇਹ ਬਹੁਤ ਹੀ ਦੁਖਦਾਈ ਸਮਾਂ ਸੀ ਪ੍ਰੰਤੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਪਰਿਵਾਰ ਨੂੰ ਦਿੱਤੇ ਹੌਂਸਲੇ ਅਤੇ ਦਿਲਾਸੇ ਨਾਲ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਮਿਲਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹੁਕਮਾਂ ਅਨੁਸਾਰ ਸ. ਗਿਆਨ ਸਿੰਘ ਦਾ ਭੋਗ ਪਿੰਡ ਚੜੀ ਵਿਖੇ ਮਿਤੀ **27 ਸਤੰਬਰ 2022** ਦਿਨ ਮੰਗਲਵਾਰ ਨੂੰ ਪਾਇਆ ਗਿਆ। ਸ੍ਰੀ ਭੈਣੀ ਸਾਹਿਬ ਤੋਂ ਕਵੀਸ਼ਰ ਗੁਰਸੇਵਕ ਸਿੰਘ ਦੇ ਜਥੇ ਨੇ ਹਾਜ਼ਰੀ ਭਰੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸ. ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਨੇ ਜਥੇ ਸਮੇਤ ਗੁਰਬਾਣੀ ਦਾ ਕੀਰਤਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦੇਣ ਤੋਂ ਪਹਿਲਾਂ ਸਰਦਾਰ ਗੋਪਾਲ ਸਿੰਘ ਦੇ ਗ੍ਰਹਿ ਵਿਖੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਪਰਿਵਾਰ ਨੂੰ ਉਸ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਜੀ ਦੇ ਪੰਡਾਲ ਵਿਚ ਦਰਸ਼ਨ ਦੇਣ ਸਮੇਂ ਹਜ਼ੂਰੀ ਰਾਗੀ ਜਥੇ ਗੁਰਬਾਣੀ ਦਾ ਕੀਰਤਨ ਕਰ ਰਹੇ ਸੀ। ਸਾਧ ਸੰਗਤ ਨੇ ਆਦਰ ਅਤੇ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਬਾਣੀ ਨੌਵੇਂ ਮਹਲੇ ਦੇ ਸਲੋਕ ਪੜ੍ਹ ਇੱਕ ਪਾਠ ਦਾ ਭੋਗ ਪਾ ਗਿਆਨ ਸਿੰਘ ਦੇ ਨਮਿੱਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸ. ਗਿਆਨ ਸਿੰਘ ਦੀ ਰਾਜਨੀਤਕ ਤੌਰ 'ਤੇ ਆਪਣੀ ਇੱਕ ਵੱਖਰੀ ਪਹਿਚਾਣ ਸੀ ਜੋ ਉਸ ਨੇ ਛੋਟੀ ਉਮਰ ਵਿੱਚ ਮਿਹਨਤ ਕਰ ਬਣਾਈ ਸੀ। ਇਸ ਕਰਕੇ ਸ. ਅਮਰ ਸਿੰਘ ਮੈਂਬਰ ਪਾਰਲੀਮੈਂਟ ਹਲਕਾ ਫ਼ਤਹਿਗੜ੍ਹ ਸਾਹਿਬ ਨੇ ਆਪਣੇ ਸ਼ਰਧਾਂਜਲੀ ਸ਼ਬਦਾਂ ਵਿੱਚ ਬਿਆਨ ਕੀਤੀ। ਇਨ੍ਹਾਂ ਸਤਰਾਂ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੇ ਵੀ ਨਾਮਧਾਰੀ ਦਰਬਾਰ ਵੱਲੋਂ ਗਿਆਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਹਲਕੇ ਦੇ ਵਿਧਾਇਕ ਗੁਰਪ੍ਰੀਤ ਸਿੰਘ, ਲੱਖਾ ਸਿੰਘ ਪਾਇਲ, ਮਲਕੀਤ ਸਿੰਘ ਦਾਖਾ ਅਤੇ ਇਲਾਕੇ ਦੇ ਪੰਚ ਸਰਪੰਚ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਿੰਡ ਬੀੜ ਗੁਰੂ ਕਾ ਵਿਖੇ ਅਖੰਡ ਪਾਠ ਦਾ ਭੋਗ

ਇਹ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੀ ਹੈ ਕਿ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਧਰਤੀ 'ਤੇ ਵੱਸਦੀ ਹੋਈ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਕੀਤੇ ਪਰਉਪਕਾਰਾਂ ਨੂੰ ਯਾਦ ਕਰਕੇ ਹਰ ਛਿਮਾਹੀ ਬਾਅਦ ਫ਼ਸਲ ਪੱਕਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਈ ਪਵਿੱਤਰ ਗੁਰਬਾਣੀ ਦਾ ਅਖੰਡ ਪਾਠ ਕਰਵਾ ਕੇ ਭੋਗ ਪਾਉਂਦੀ ਹੈ। ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕੀਤੀਆਂ ਬਖ਼ਸ਼ਿਸ਼ਾਂ ਨੂੰ ਯਾਦ ਕਰਦੀ ਹੈ। ਇਸ ਵਾਰੀ ਬੀੜ ਦੀ ਸੰਗਤ ਸ੍ਰੀ ਭੈਣੀ ਸਾਹਿਬ ਵਿਖੇ ਜਦੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਅਰਜ਼ ਕਰਨ ਲਈ ਪਹੁੰਚੀ ਤਾਂ ਸੀ ਸਤਿਗੁਰੂ ਜੀ ਨੇ ਚੱਲ ਰਹੇ ਨਾਮ ਸਿਮਰਨ, ਜਪੁ ਪ੍ਰਯੋਗ ਕਾਰਨ ਅਖੰਡ ਪਾਠ ਦਾ ਭੋਗ ਪਾਉਣ ਦਾ ਹੁਕਮ ਕੀਤਾ ਤਾਂ ਸਾਧ ਸੰਗਤ ਨੇ ਬਹੁਤ ਪਿਆਰ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਬੇਨਤੀ ਕੀਤੀ ਜੋ ਪ੍ਰਵਾਨ ਹੋਈ। **11 ਅਕਤੂਬਰ 2022** ਦਿਨ ਮੰਗਲਵਾਰ ਨੂੰ ਸਵੇਰੇ ਸੱਤ ਵਜੇ ਪਿੰਡ ਬੀੜ ਗੁਰੂ ਕਾ ਵਿਖੇ ਸਾਧ ਸੰਗਤ ਵੱਲੋਂ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ, ਫ਼ਸਲਵਾੜੀ ਅਤੇ ਮਨੁੱਖੀ ਸੁਖ ਸ਼ਾਂਤੀ ਲਈ ਪਾਇਆ ਗਿਆ। ਬੀੜ ਨਗਰ ਦੇ ਪ੍ਰਬੰਧਕ ਸੱਜਣ ਤੇ ਧਰਮਸ਼ਾਲਾ ਦੇ ਮਹੰਤ ਪ੍ਰੀਤਮ ਸਿੰਘ ਨੇ ਸ. ਸੁਖਦੇਵ ਸਿੰਘ ਵਿਰਕ ਦੀ ਅਗਵਾਈ ਵਿੱਚ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਦਾ ਸ਼ੁਕਰਾਨਾ ਕੀਤਾ। ਇੱਥੋਂ ਹੀ ਵਾਪਸੀ ਸਮੇਂ ਸ. ਮਲੂਕ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਅਹੀਆਪੁਰ ਵਿੱਚ ਨਵੀਂ ਧਰਮਸ਼ਾਲਾ ਦਾ ਨੀਂਹ ਪੱਥਰ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਪਿੰਡ ਅਹੀਆਪੁਰ, ਜਿਲਾ ਹੁਸ਼ਿਆਰਪੁਰ ਵਿਖੇ ਨਾਮਧਾਰੀ ਗੁਰਦਵਾਰੇ ਦਾ ਨੀਂਹ ਪੱਥਰ **23 ਅਕਤੂਬਰ 2022** ਦਿਨ ਐਤਵਾਰ ਨੂੰ ਰੱਖਿਆ ਗਿਆ।



ਸੂਬਾ ਗੁਲਜ਼ਾਰ ਸਿੰਘ ਜੀ ਦੀ ਅਗਵਾਈ ਹੇਠ ਸ੍ਰੀ ਭੈਣੀ ਸਾਹਿਬ ਤੋਂ ਆਏ ਸੰਤ ਬਲਬੀਰ ਸਿੰਘ ਜੀ ਨੇ ਅਰਦਾਸ ਕਰਕੇ ਇਹ ਕਾਰਜ ਸੰਪੰਨ ਕੀਤਾ। ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਆਉਣ ਵਾਲੇ ਸਮੇਂ ਅੰਦਰ ਗੁਰਦਵਾਰਾ ਸਾਹਿਬ ਦੀ ਸੋਹਣੀ ਇਮਾਰਤ ਬਣ ਕੇ ਤਿਆਰ ਕੀਤੀ ਜਾਵੇਗੀ। ਇਸ ਮੌਕੇ ਸੰਤ ਮਹਿੰਦਰ ਸਿੰਘ, ਕਰਮ ਸਿੰਘ ਲਾਡੀ, ਲਾਂਗਰੀ ਰਵੇਲ ਸਿੰਘ ਤੇ ਹੋਰ ਸਿੰਘ ਮੌਜੂਦ ਸਨ।

**ਜਥੇ. ਨਿਸ਼ਾਨ ਸਿੰਘ**

..............................................

## ਦਿੱਲੀ ਵਿਖੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **22 ਅਕਤੂਬਰ 2022** ਨੂੰ ਦਿਲੀ ਵਿਖੇ ਦਰਸ਼ਨ ਦਿਤੇ।ਸ੍ਰੀ ਸਤਿਗੁਰੂ ਜੀ ਨੇ ਮਾਤਾ ਗੁਰਸ਼ਰਨ ਕੌਰ ਜੀ ਅਤੇ ਸੇਵਕਾਂ ਸਹਿਤ ਤਕਰੀਬਨ ਸਵੇਰੇ 7:30 ਵਜੇ ਦਿੱਲੀ ਪਹੁੰਚ ਪ੍ਰਸ਼ਾਦ ਛਕਿਆ।ਉਪਰੰਤ ਕੁਝ ਘਰਾਂ 'ਚ ਚਰਨ ਪਾਉਣ ਦੀ ਕਿਰਪਾ ਕੀਤੀ। ਪਿਛਲੇ ਦਿਨਾਂ 'ਚ ਚੜ੍ਹਾਈ ਕੀਤੇ ਸੰਤ ਰਾਜਿੰਦਰ ਸਿੰਘ 'ਰਾਜਾ', ਨੌਜਵਾਨ ਨਵਰਿੰਦਰ ਸਿੰਘ 'ਚਾਨਾ' ਘਰ ਉਚੇਚਾ ਦਰਸ਼ਨ ਦੇ ਕੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ 'ਚ ਧੀਰਜ



ਬੰਧਾਇਆ। ਉਪਰੰਤ ਸ਼ਹੀਦ ਬਿਸ਼ਨ ਸਿੰਘ ਸਕੂਲ 'ਚ ਸਿੱਖਿਆ ਸੰਬੰਧੀ ਜਰੂਰੀ ਮੀਟਿੰਗ ਕੀਤੀ। ਲਗਪਗ 11:15 ਵਜੇ ਨਾਮਧਾਰੀ ਧਰਮਸ਼ਾਲਾ ਦਰਸ਼ਨ ਦਿੱਤੇ। ਵੱਡੀ ਗਿਣਤੀ 'ਚ ਸਾਧ ਸੰਗਤ ਜੁੜ ਬੈਠੀ ਸੀ। 10 ਵੱਜੇ ਤੋਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ ਹੋਇਆ ਸੀ। 11:35 ਤੇ ਮਹੰਤ ਪ੍ਰੀਤਮ ਸਿੰਘ ਤੇ ਸਾਥੀਆਂ ਨੇ ਭੋਗ ਦੇ ਸਲੋਕ ਪੜ੍ਹਨੇ ਸ਼ੁਰੂ ਕੀਤੇ। ਰਾਮਕਲੀ ਸਦ ਦਾ ਪਾਠ ਹੋਇਆ। ਪੂਰੇ 12 ਵਜੇ ਸੇਵਕ ਆਸਾ ਸਿੰਘ ਦੁਆਰਾ ਅਰਦਾਸ ਕੀਤੀ ਗਈ। ਪਿਛਲੇ ਦਿਨੀ ਚੜ੍ਹਾਈ ਕੀਤੇ ਸੰਤ ਹਰਵਿੰਦਰ ਸਿੰਘ 'ਸਾਹਿਬਾਬਾਦ' ਤੇ ਸ.ਨਵਰਿੰਦਰ ਸਿੰਘ ਨਮਿਤ ਪਾਠ ਦਾ ਭੋਗ ਪਾਇਆ ਗਿਆ। ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਏਅਰਪੋਰਟ ਨੂੰ ਰਵਾਨਾ ਹੋਏ।

**ਜਥੇ. ਨਿਸ਼ਾਨ ਸਿੰਘ**

..............................................

## ਲਾਦੀਆਂ ਕਟਾਰੀਆਂ ਮੇਲਾ

ਸ੍ਰੀ ਸਤਿਗੁਰੁ ਉਦੇ ਸਿੰਘ ਜੀ ਨੇ ਆਪਣੇ ਸੇਵਕਾਂ ਦੀ ਅਰਜ਼ ਪ੍ਰਵਾਨ ਕਰਦਿਆਂ ਪਿੰਡ ਲਾਦੀਆਂ ਕਟਾਰੀਆਂ (ਨਵਾਂ ਸ਼ਹਿਰ) 23 ਨਵੰਬਰ 2022 ਨੂੰ ਦਰਸ਼ਨ ਦਿੱਤੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਸਤਨਾਮ ਸਿੰਘ ਅਤੇ ਤਬਲੇ ਤੇ ਹਰਪ੍ਰੀਤ ਸਿੰਘ ਜੀ "ਸੋਨੂੰ" ਨੇ ਕੀਤਾ।ਸਤਿਗੁਰੂ ਜੀ ਆਸਾ ਦੀ ਵਾਰ ਵਿਚ ਹੀ ਦਰਸ਼ਨ ਦਿੱਤੇ। ਲਗਪਗ 7 ਕੁ ਵਜੇ ਵਾਰ ਦੇ ਭੋਗ ਉਪਰੰਤ ਘਰਾਂ ਵਿੱਚ ਚਰਣ ਪਾਉਣ ਦੀ ਕਿਰਪਾ ਕੀਤੀ। ਅੱਜ ਦਾ ਮੇਲਾ ਸੰਤ ਅਤਰ ਸਿੰਘ ਜੀ ਦੇ ਸਪੁੱਤਰ ਸ.ਨਵਜੋਤ ਸਿੰਘ "ਆਸਟਰੇਲੀਆ" ਵਲੋਂ ਕਰਵਾਇਆ ਗਿਆ। 8:30 ਕੁ ਵਜੇ ਦੀਵਾਨਾਂ ਦੀ ਅਰੰਭਤਾ ਕੀਤੀ ਗਈ। ਜਸਵੰਤ ਸਿੰਘ



ਸੰਤ ਨਗਰ ਨੇ "ਮੂ ਲਾਲਨ ਸਿਉ ਪ੍ਰੀਤਿ ਬਣੀ" ਸ਼ਬਦ ਗਾਇਨ ਕੀਤਾ। ਉਪਰੰਤ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ 1:30 ਘੰਟਾ ਦੀਵਾਨ ਸਜਾਇਆ।ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਕਾਰਾਂ ਦਾ ਵਰਨਣ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਆਏ ਕਥਾਵਾਚਕ ਸੰਤ ਨਿਸ਼ਾਨ ਸਿੰਘ ਜੀ ਨੇ 1 ਘੰਟੇ ਲਈ ਕਥਾ ਕੀਤੀ। ਉਹਨਾਂ ਨੇ ਦਸਿਆ ਕਿ ਕਿਸ ਤਰਾਂ ਸਤਿਗੁਰੂ ਜਗਜੀਤ ਸਿੰਘ ਕਵੀ ਪ੍ਰੀਤਮ ਸਿੰਘ ਜੀ ਜੈਸੇ ਕਾਮਰੇਡਾਂ ਉੱਤੇ ਕਿਰਪਾ ਕੀਤੀ। ਕਿਸੇ ਸਮੇਂ ਕਵੀ ਜੀ ਕਿਹਾ ਕਰਦੇ ਸਨ ਕਿ ਭਜਨ ਕਰਨ ਨਾਲ ਕੀ ਹੁੰਦਾ ਹੈ ? ਐਵੈਂ ਮੂੰਹ ਮਾਰੀ ਜਾਂਦੇ ਨੇ ਪਰ ਜਦੋ ਕਿਰਪਾ ਹੋਈ ਫਿਰ ਕਵੀ ਜੀ ਦੀ ਰਸਨਾ ਆਪਣੇ ਆਪ ਚਲਦੀ ਰਹਿੰਦੀ ਸੀ। ਪਾਠੀ ਗੰਗਾ ਸਿੰਘ ਤੇ ਸਾਥੀ ਬਿਧੀ ਸਿੰਘ ਕਰਮ ਸਿੰਘ ਲਾਡੀ ਤੇ ਜਸਵੰਤ ਸਿੰਘ ਦੁਆਰਾਂ ਨੌਵੇਂ ਮਹਲੇ ਦੇ ਸਲੋਕ ਪੜ੍ਹੇ ਗਏ। 3 ਪਾਠਾਂ ਦੇ ਭੋਗ ਪਾਏ ਗਏ। ਇਹ ਸਾਰਾ ਮੇਲਾ ਆਸਟਰੇਲੀਆ ਪੱਕੇ ਹੋਣ ਦੀ ਖੁਸ਼ੀ ਵਿਚ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

**ਜਥੇ. ਨਿਸ਼ਾਨ ਸਿੰਘ**

## ਸੰਤ ਦੀਦਾਰ ਸਿੰਘ ਭਿੰਡਰ ਨਮਿੱਤ ਮੇਲਾ

ਸਤਿਗੁਰੂ ਘਰ ਦੇ ਅਨਿੰਨ ਸੇਵਕ ਸੰਤ ਦਿਦਾਰ ਸਿੰਘ ਜੀ ਭਿੰਡਰ ਲਗਪਗ 94 ਵਰ੍ਹਿਆਂ ਦੀ ਨਿਰੋਗ ਆਰਜਾ ਭੋਗਦੇ ਹੋਏ **6 ਨਵੰਬਰ 2022** ਨੂੰ ਸ਼ਾਮ 5 ਕੁ ਵਜੇ ਇਸ ਮਾਤਲੋਕ ਨੂੰ ਅਲਵਿਦਾ ਆਖ ਗਏ। ਸੰਤ ਜੀ ਨਮਿਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ 15 ਨਵੰਬਰ 2022 ਨੂੰ ਪਾਇਆ ਗਿਆ। ਜਿਸ ਵਿਚ ਕਵੀਸ਼ਰ ਮੱਖਣ ਸਿੰਘ ਮੱਲੇਕਾ ਨੇ ਛੰਦਾ ਬੰਦੀ ਰਾਹੀਂ ਸੰਤ ਜੀ ਨੂੰ ਯਾਦ ਕੀਤਾ।ਜਥੇਦਾਰ ਗੁਰਬਚਨ ਸਿੰਘ ਬਹਾਦਰ ਹੁਸੈਨ ਨੇ ਦੀਵਾਨ ਲਗਾਉਂਦਿਆਂ ਦਸਿਆ ਕਿ ਸੰਤ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਹੋਏ ਸਿੱਖ ਸਨ। ਸੰਤਾਲੀ ਦੀ ਵੰਡ ਸਮੇਂ ਇਨ੍ਹਾਂ ਦੀ ਉਮਰ 19 ਸਾਲ ਦੀ ਸੀ। ਸਤਿਗੁਰੂ ਜੀ ਦੇ ਹੁਕਮ ਨਾਲ ਹੀ ਉਹਨਾ ਪ੍ਰਤਾਪ ਨਗਰ ਵਿਖੇ ਆਪਣਾ ਨਿਵਾਸ ਕੀਤਾ ਸੀ।



ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਇਕ ਵਾਰ ਸੰਤ ਜੀ ਦਾ ਕੁਝ ਮਨਮੁਖਾਂ ਨਾਲ ਜਮੀਨ ਦਾ ਝਗੜਾ ਹੋ ਗਿਆ। ਸਮਾਂ ਔਖਾ ਸੀ ਤੇ ਚਿੰਤਾ ਵੀ ਸੀ। ਵਿਰੋਧੀ ਧਿਰ ਮਾਰਨ ਤੱਕ ਦੀ ਆੜ ਵਿੱਚ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇ ਕੇ ਆਖਿਆ "ਮੈਂ ਤੇਰੇ ਨਾਲ ਹਾਂ" ਬਸ ਉਸ ਦਿਨ ਤੋਂ ਬਾਅਦ ਕਿਸੇ ਚੀਜ ਦੀ ਕਮੀ ਨਹੀਂ ਰਹੀ। ਸੰਤ ਜੀ ਗੁਰੂ ਘਰ ਦੇ ਮੁਖਤਿਆਰ-ਏ-ਆਮ ਵੀ ਰਹੇ। ਪਿੰਡ ਗੁਰੂਸਰ (ਗਦਾਂਡੋਬ) ਵਿਖੇ ਜਮੀਨ ਦਾ ਝਗੜਾ ਸੀ। ਜੋ ਸਤਿਗੁਰੂ ਜੀ ਦੀ ਕਿਰਪਾ ਨਾਲ ਜਿਤਿਆ ਵੀ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਜੀ ਦੇ ਹੁਕਮ ਵਿੱਚ ਰਹਿਕੇ ਬਾਜ਼ਾਰ ਦਾ ਭੋਜਨ ਨਹੀਂ ਸਨ ਛਕਦੇ। 2 ਵਾਰ ਪਾਕਿਸਤਾਨ ਗਏ, ਉਥੇ ਵੀ ਫਲ ਆਦਿ ਤੋਂ ਬਿਨਾਂ ਕੁਝ ਨਾ ਖਾਧਾ। 90 ਸਾਲ ਦੀ ਉਮਰ ਵਿਚ ਵੀ ਬਿਨਾਂ ਐਨਕ ਤੋਂ ਪੜ੍ਹ ਲੈਂਦੇ ਸਨ। ਉਹਨਾਂ ਦਾ ਵਿਚਾਰ ਸੀ ਦੋ "ਹਾਹੇ" ਹਮੇਸ਼ਾਂ ਯਾਦ ਰੱਖੋ। ਇਕ ਹਾਹਾ "ਹਰਿ" (ਪਰਮਾਤਮਾ) ਤੇ ਦੂਸਰਾ ਹਾਹਾ "ਹਰੀ" ਭਾਵ ਹਰੀ ਸਬਜ਼ੀਆਂ। ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਜਥੇਦਾਰ ਗਿਆਨ ਸਿੰਘ ਜੀ ਵੀਰੋਕਿਆਂ ਵਾਲਿਆਂ ਨਾਲ ਪਰਿਵਾਰਿਕ ਸੰਬੰਧਾਂ ਸਮੇਤ ਗੁਰਸਿੱਖੀ ਨਾਤੇ ਨੂੰ ਵੀ ਨਿਭਾਇਆ।ਦੀਵਾਨਾ ਵਿਚ ਛੈਣੇ ਵਜਾਇਆ ਕਰਦੇ ਸਨ।

ਉਪਰੰਤ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ "ਜਨ ਪਰਉਪਕਾਰੀ ਆਏ" ਟੇਕ ਲੈ ਕੇ ਬਾਬਾ ਬਿਧੀ ਚੰਦ ਤੇ ਸੰਤ ਭਗਵਾਨ ਸਿੰਘ ਅੜਬੰਗੀ ਦੀ ਸਾਖੀ ਸੁਣਾਈ।

ਉਪਰੰਤ ਉਘੇ ਇਤਿਹਾਸਕਾਰ ਸ.ਸੁਵਰਨ ਸਿੰਘ ਵਿਰਕ ਨੇ ਸੰਤ ਦੀਦਾਰ ਸਿੰਘ ਦੀ ਦੇ ਪਰਿਵਾਰ ਤੇ ਜੀਵਨ ਸੰਬੰਧੀ ਚਾਨਣਾ ਪਾਇਆ।ਉਹਨਾਂ ਦਸਿਆ ਕਿ ਸੰਤ ਜੀ

ਸਮਾਜ ਭਲਾਈ ਦਾ ਕੰਮ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ।ਹਰ ਇਕ ਦੇ ਦੁੱਖ ਸੁੱਖ ਵਿਚ ਸ਼ਾਮਿਲ ਹੁੰਦੇ ਸੀ। ਪਰਿਵਾਰ ਵਜੋਂ 2 ਲੜਕੀਆਂ ਹਨ। ਤਿੰਨ ਲੜਕੇ ਦਲਬੀਰ ਸਿੰਘ ਡੀ. ਐਸ. ਪੀ ਚੰਡੀਗੜ੍ਹ ਪੁਲਿਸ, ਰਘੁਬੀਰ ਸਿੰਘ ਤੇ ਨਿਰਵੈਰ ਸਿੰਘ ਹਨ। ਅਗੋ ਪੋਤਰੇ ਆਸਟਰੇਲੀਆ ਰਹਿੰਦੇ ਹਨ। ਇਹਨਾਂ ਦੇ ਘਰੋਂ ਬੀਬੀ ਗੁਰਦੀਪ ਕੌਰ ਲੰਬੜਦਾਰ ਗੁਰਦੇਵ ਸਿੰਘ ਤੇ ਸਵਰਗੀ ਸੁਖਦੇਵ ਸਿੰਘ ਪਿੰਡ ਸੰਤ ਨਗਰ ਵਾਲਿਆਂ ਦੇ ਭੂਆ ਜੀ ਹਨ। ਸੂਬਾ ਵਰਿਆਮ ਸਿੰਘ ਜੀ ਇਹਨਾਂ ਦੇ ਮਾਮਾ ਜੀ ਲਗਦੇ ਸਨ। ਸੂਬਾ ਬਲਵਿੰਦਰ ਸਿੰਘ 'ਝੱਲ' ਨੇ ਆਪਣੇ ਸ਼ਬਦਾਂ ਰਾਹੀਂ ਸੰਤ ਜੀ ਨੂੰ ਸ਼ਰਧਾ ਸੁਮਨ ਭੇਟ ਕੀਤੇ।

ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਦ ਉਪਦੇਸ਼ ਕਰਦਿਆਂ ਬਚਨ ਕੀਤਾ "ਸੰਤ ਦੀਦਾਰ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਭਰਪੂਰ ਖੁਸ਼ੀਆਂ ਦੇ ਪਾਤਰ ਰਹੇ ਹਨ ਤੇ ਅਪਨੇ ਜੀਵਨ ਨੂੰ ਸਫ਼ਲ ਕਰਦੇ ਹੋਏ ਸਤਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ ਹਨ"। ਉਪਰੰਤ ਨੌਵੇਂ ਮਹਲੇ ਦੇ ਸਲੋਕ ਪੜ੍ਹੇ ਗਏ।ਤੇ ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ।

**ਰਘਬੀਰ ਸਿੰਘ**

.................................................

## ਬਾਪੂ ਕਰਮ ਸਿੰਘ ਦੇ ਨਮਿੱਤ ਮੇਲਾ

ਨਾਮ ਸੰਤ ਕਰਮ ਸਿੰਘ ਜੀ ਦਾ ਜਨਮ ਮਾਤਾ ਬਲਵੰਤ ਕੌਰ ਦੀ ਕੁੱਖੋਂ ੨੩-੩-੧੯੩੬ ਈ. ਨੂੰ ਪਿੰਡ ਬੁੱਟਰ ਜਿਲ੍ਹਾ ਸਿਆਲਕੋਟ ਵਿਖੇ ਸ. ਬਹਾਦੁਰ ਸਿੰਘ ਦੇ ਘਰ ਹੋਇਆ। ੧੯੪੮ ਦੀ ਵੰਡ ਪਿੱਛੋ ਪਿੰਡ ਢੇਸੀਆਂ ਜਿਲ੍ਹਾ ਗੁਰਦਾਸ ਪੁਰ ਆ ਗਏ। ਇਸ ਤੋਂ ਬਾਅਦ ਆਪ ਜਿਲ੍ਹਾ ਲੁਧਿਆਨਾ ਪਿੰਡ ਰਾਜੇਵਾਲ ਆ ਗਏ। ੨੦੦੫ ਵਿਚ ਜਿਲ੍ਹਾ ਹੁਸ਼ਿਆਰਪੁਰ ਪਿੰਡ ਨੰਗਲ ਪਿੰਡ ਵਿਖੇ ਆ ਗਏ। ਵਰਤਮਾਨ ਰਿਹਾਇਸ਼ ਪਿੰਡ ਨੰਗਲ ਪਿੰਡ ਜ਼ਿਲ੍ਹਾ ਹਸ਼ਿਆਰਪੁਰ ਸੀ। ਆਪ ਦੀ ਪਤਨੀ ਦਾ ਨਾਮ ਜੋਗਿੰਦਰ ਕੌਰ ਤੇ ਸੰਤਾਨ ਵਜੋਂ ਤਿੰਨ ਬੇਟੇ ਦੋ ਬੇਟੀਆਂ ਹਨ। ਆਪ ੧-੧੧-੨੦੨੨ ਈ. ਨੂੰ ਚੜਾਈ ਕਰ ਗਏ। ਆਪ ਦਾ ਭੋਗ ੭-੧੧-੨੦੨੨ ਨੂੰ ਪਿੰਡ ਨੰਗਲ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਪਿਆ। ਸੰਤ ਕਰਮ ਸਿੰਘ ਜੀ ਨੇ ਲਗਭਗ ੫੦ ਸਾਲ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਦੇ ਚਰਨਾ ਵਿਚ ਰਹਿ ਕੇ ਸੇਵਾ ਕੀਤੀ ਤੇ ਹੁਣ ਵਰਤਮਾਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੇਵਾ ਕਰ ਰਹੇ ਸੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਕਰਮ ਸਿੰਘ ਜੀ ਨਮਿਤ ਸ਼ਰਧਾਂਜਲੀ ਸਮਾਗਮ **7 ਨਵੰਬਰ 2022** ਨੂੰ ਉਹਨਾਂ ਦੇ ਨਿੱਜੀ ਪਿੰਡ ਨੰਗਲ ਵਿਖੇ ਹੋਇਆ। ਨਾਮਧਾਰੀ ਪੰਥ ਦੇ ਨੌਜਵਾਨ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ "ਸੇਵਕ ਕੀ ਓੜਕ ਨਿਬਹੀ ਪ੍ਰੀਤਿ" ਟੇਕ ਲੈ ਕੇ ਦੀਵਾਨ ਸਜਾਇਆ। ਉਹਨਾਂ ਦਸਿਆ ਕਿ "ਬਾਪੂ ਕਰਮ ਸਿੰਘ ਜੀ ਦੇ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਨੂੰ ਇਕ ਰੂਪ ਕਰਕੇ ਜਾਣਿਆ। ਸਤਿਗੁਰੂ ਜੀ ਦੀ ਕਿਰਪਾ ਦਾ ਇਹ ਪ੍ਰਤੱਖ ਸਬੂਤ ਹੈ ਕਿ ਜਦੋ ਨਾਮਧਾਰੀ ਪੰਥ ਦੇ ਵੱਡੇ ਵੱਡੇ ਪ੍ਰਚਾਰਕ ਤੇ ਸੰਤ ਡੋਲ ਗਏ ਸਨ ਉਸ ਸਮੇ ਵੀ ਬਾਪੂ ਜੀ ਨੇ "ਸਾਬਤ" ਰਹਿੰਦਿਆਂ ਹੋਇਆਂ ਸਤਿਗੁਰੂ ਉਦੇ ਸਿੰਘ ਜੀ ਨੂੰ ਹੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰੂਪ ਜਾਣਿਆ।"



ਜਥੇਦਾਰ ਜੀ ਤੋਂ ਬਾਅਦ ਨਾਮਧਾਰੀ ਪੰਥ ਦੇ ਵਿਦਵਾਨ ਪੰਡਿਤ ਯਾਦਵਿੰਦਰ ਸਿੰਘ ਜੀ ਨੇ 1 ਘੰਟਾ ਕਥਾ ਕੀਤੀ। ਉਹਨਾਂ ਨੇ "ਜੋਰ ਨਹਿ ਜੀਵਨ ਮਰਨ ਨਹਿ ਜੋਰ" ਦੀ ਵਿਆਖਿਆ ਤੋਂ ਸ਼ੁਰੂਆਤ ਕੀਤੀ।ਅੰਤ ਵਿਚ ਉਹਨਾਂ ਦਸਿਆ ਕਿ "ਸੰਤ ਕਰਮ ਸਿੰਘ ਜੀ ਨੇ ਇਕ ਸਚੇ ਸੁਚੇ ਤੇ ਨਿਸ਼ਕਾਮ ਸੇਵਕ ਵਾਂਗੂ ਜੀਵਨ ਬਤੀਤ ਕੀਤਾ। ਉਹਨਾਂ ਦੀ ਭਾਵਨਾ ਐਸੀ ਸੀ ਇਕ ਵਾਰ ਸੰਤ ਜਗਤ ਸਿੰਘ ਜੀ ਦੀ ਸਲਾਨਾ ਬਰਸੀ ਮੌਕੇ ਲੰਗਰ 'ਚ ਸੇਵਾ ਕਰਦਿਆਂ ਸਾਰੇ ਬਸਤਰ ਲਿਬੜੇ ਹੋਏ ਸਨ। ਮੇਲੇ ਦੀ ਸਮਾਪਤੀ ਤੋਂ ਬਾਅਦ ਇਸੀ ਰੂਪ ਵਿਚ ਘਰ ਨੂੰ ਵਾਪਿਸ ਤੁਰ ਪਏ। ਪੰਡਿਤ ਹਰਭਜਨ ਸਿੰਘ ਜੀ ਨੇ ਆਖਿਆ ਤੁਸੀਂ ਬਸਤਰ ਧੋ ਕੇ ਬਦਲ ਲੈਣੇ ਸੀ। ਅਗੋਂ ਜਵਾਬ ਦਿੱਤਾ ਜਦੋ ਇਹ ਬਸਤਰ ਆਪਣੇ ਘਰ ਜਾਕੇ ਧੋਵਾਂਗਾ...ਉਸ ਧੋਵਨ ਦਾ ਪਾਣੀ ਜਿਥੇ ਜਿਥੇ ਵੀ ਜਾਏਗਾ....ਉਥੇ ਵਾਧਾ ਹੋਵੇਗੇ.... ਪੈਲੀਆਂ ਵਿਚ ਬੋਹਲ ਜਿਆਦਾ ਹੋਵੇਗਾ....ਬਰਕਤ ਪਏਗੀ....ਇਹ ਸੇਵਾ ਦੀ

ਨਿਸ਼ਾਨੀ ਹੈ''। ਸ੍ਰੀ ਭੈਣੀ ਸਾਹਿਬ ਤੋਂ ਉਚੇਚਾ ਆਏ ਪਤਵੰਤੇ ਸੱਜਣਾਂ ਚੋਂ ਸੂਬਾ ਬਲਵਿੰਦਰ ਸਿੰਘ ''ਝੱਲ'' ਨੇ ਸ਼ਰਧਾਂਜਲੀ ਅਰਪਿਤ ਕਰਦਿਆਂ ਸੰਤ ਕਰਮ ਸਿੰਘ ਜੀ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਉਹਨਾਂ ਦਸਿਆ ''ਜਿਥੇ ਸੰਤ ਕਰਮ ਸਿੰਘ ਜੀ ਦਾ ਜੀਵਨ ਸਾਧੂਆਂ ਵਾਲਾ ਸੀ ਉਥੇ ਉਹਨਾਂ ਦਾ ਅੰਤਿਮ ਸਮਾਂ ਵੀ ਸਾਧੂਆਂ ਜੈਸਾ ਆਇਆ। ਨਿਤ ਕਰਮ ਅਨੁਸਾਰ ਅੰਮ੍ਰਿਤ ਵੇਲੇ ਇਸ਼ਨਾਨ ਕੀਤਾ... ਮਾਲਾ ਫੜਕੇ ਨਾਮ ਜਪ ਰਹੇ ਸਨ... ਇਕ ਦਮ ਕਾਲਜੇ ਦਰਦ ਉਠੀ.... ਪਰਿਵਾਰ ਕਿਸੇ ਡਾਕਟਰ ਕੋਲ ਲੈਕੇ ਜਾਣ ਲਈ ਤਿਆਰ ਹੋਇਆ....ਸੰਤਾਂ ਨੇ ਆਖਰੀ ਸਵਾਸ ਲਿਆ...''ਜੇਕਰ ਸਾਹਿਬ ਮਨੋ ਨਾ ਵੀਸਰੈ ਤਾਂ ਸਹਿਲਾ ਮਰਨਾ ਹੋਇ''। ਲਗਪਗ ਦੁਪਹਿਰ ਦੇ 1:15 ਵਜੇ ਨੌਵੇਂ ਮਹਲੇ ਦੇ ਸਲੋਕ ਪਾਠੀ ਸੁਲੱਖਣ ਸਿੰਘ ਤੇ ਬਿਧੀ ਸਿੰਘ ਦੁਆਰਾਂ ਪੜ੍ਹੇ ਗਏ। ਰਾਮਕਲੀ ਸਦ ਪੜ੍ਹਨ ਉਪਰੰਤ ਅੰਤਿਮ ਅਰਦਾਸ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤੀ। ਪਰਿਵਾਰ ਵਲੋਂ ਸਾਰੀ ਸਾਧ ਸੰਗਤ ਨੂੰ ਲੰਗਰ ਛਕਾਇਆ ਗਿਆ।

**ਜਥੇ. ਨਿਸ਼ਾਨ ਸਿੰਘ**

..............................................

# *Matrimonial*

**Name-Avtar Singh**
Jatt Sikh- Randhawa, Sirsa.
Height -5"11 inch
DOB-30/08/98
Agricultur
Qualification -12th
Phn -9911166631

..............................................

**Name: Gurupreet Singh**
DOB: 06 July 1995
Height: 5'6"
Complexion: Fair
Marital status: Never married
Highest education: B.Tech
Occupation: Software engineer
Annual income: 30 Lakhs
Father's name: Gurumit Singh
Mother's name: Amarjeet Kaur
Current Location: Bangalore
Mob no. 62058-90368
89358-06485

..............................................

**Namdhari girl**
Birth-1992
Height- 176 cm
Educational qualification- B. Tech(EE)
MBA ( Marketing and HR)
UGC -NET qualified
Profession- Assistant manager in IOCL
Gotras-
Paternal- Kalsi
Maternal- Matharu
Well settled Ramgarhia namdhari family
Contact no. 919417867162

..............................................

**ਯਤਿੰਦਰ ਸਿੰਘ**
ਪੀ.ਆਰ. ਐਸਟਰੇਲੀਆ
ਉਮਰ - 29 ਸਾਲ
ਕੱਦ - 5'7''
ਜੱਟ ਸਿੱਖ
ਨੰਬਰ - 98728-49565,
98762-55945

..............................................

**ਨਾਮਧਾਰੀ (ਸੈਣੀ ਸਿੱਖ) ਲੜਕੀ**
ਉਮਰ - 27 ਸਾਲ
ਕੱਦ - 5'4''
ਪੜ੍ਹਾਈ - M.A.( English), B.Ed., HTET (TGT & PGT both levels), CTET, JRF in English.
Work - Assistant Professor (English) in a Private College
ਸੰਪਰਕ - 94165-96642, 94672-88024

..............................................

## ਸ੍ਰੀ ਸਤਿਗੁਰੂ ਜੀ ਜੈਪੁਰ ਵਿਖੇ ਸਾਧ ਸੰਗਤ ਨੂੰ ਦਰਸ਼ਨ ਦੇਂਦੇ ਹੋਏ।








## ਸ੍ਰੀ ਸਤਗੁਰੂ ਜੀ ਪ੍ਰਧਾਨ ਬਲਵੰਤ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।
## ਮਿਰਜਾਪੁਰ (ਸਿਰਸਾ)




Date of Publication: 6 December 2022
Date of Posting: 8 December 2022

RNI NO.55658/93
LDM/008/2021-2023

## ਪਹਿਲੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤੀਯੋਗਤਾ ਦੇ ਫਾਈਨਲ ਰਾਊਂਡ ਦੀਆਂ ਝਲਕੀਆਂ।
## ਸ੍ਰੀ ਭੈਣੀ ਸਾਹਿਬ, 22, 23 ਨਵੰਬਰ 2022




Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.